ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

Vol 18 * Issue 70
Daily Newspaper Wednesday, April 10, 2019
Tel: 905-793-2202 Fax: 905-793-2282 news@punjabipost.ca

Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

MORTGAGE ALLIANCE
Get Pre-Qualified in Minutes*
Mortgagealliance.com/ParminderMangat
Parminder Mangat
Mortgage Agent | Lic#10530
647-285-9119
pmangat@mortgagealliance.com
20 Maritime Blvd. Unit #11, Brampton, L6S0C2

# ਕੈਨੇਡੀਅਨਾਂ ਨੂੰ ਗੁੰਮਰਾਹ ਕਰਨ ਦੇ ਨਤੀਜੇ ਤਾਂ ਸ਼ੀਅਰ ਨੂੰ ਭੁਗਤਣੇ ਪੈਣਗੇ : ਟਰੂਡੋ

ਓਟਵਾ, 9 ਅਪਰੈਲ (ਪੋਸਟ ਬਿਊਰੋ) : ਕੰਜ਼ਰਵੇਟਿਵ ਆਗੂ ਐਂਡਰਿਊ ਸ਼ੀਅਰ ਖਿਲਾਫ ਕਾਨੂੰਨੀ ਕਾਰਵਾਈ ਦੀ ਧਮਕੀ ਦੇਣ ਦੇ ਆਪਣੇ ਫੈਸਲੇ ਦਾ ਪੱਖ ਪੂਰਦਿਆਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਿਆ ਕਿ ਕੈਨੇਡੀਅਨਾਂ ਨੂੰ ਗੁੰਮਰਾਹ ਕਰਨ ਦੇ ਨਤੀਜੇ ਤਾਂ ਭੁਗਤਣੇ ਹੀ ਪੈਣਗੇ। ਟਰੂਡੋ ਦਾ ਮੰਨਣਾ ਹੈ ਕਿ ਐਸਐਨਸੀ-ਲਾਵਾਲਿਨ ਮਾਮਲੇ ਵਿੱਚ ਸ਼ੀਅਰ ਨੇ ਕੈਨੇਡੀਅਨਾਂ ਨੂੰ ਗੁੰਮਰਾਹ ਕੀਤਾ ਹੈ।



ਮੰਗਲਵਾਰ ਸਵੇਰੇ ਕੈਬਨਿਟ ਮੀਟਿੰਗ ਉੱਤੇ ਜਾਂਦਿਆਂ ਟਰੂਡੋ ਨੇ ਆਖਿਆ ਕਿ ਜਦੋਂ ਸਿਆਸਤਦਾਨ ਸੱਚਾਈ ਨੂੰ ਤੋੜ ਮਰੋੜ ਕੇ ਪੇਸ਼ ਕਰਨਾ ਚਾਹੁੰਦੇ ਹਨ ਤੇ ਕੈਨੇਡੀਅਨਾਂ ਲਈ ਹਕੀਕਤ ਨਾਲ ਛੇੜਛਾੜ ਕਰਦੇ ਹਨ ਤਾਂ ਉਸ ਦੇ ਥੋੜ੍ਹੇ ਚਿਰ ਲਈ ਤੇ ਲੰਮੇਂ ਸਮੇਂ ਲਈ ਨਤੀਜੇ ਵੀ ਭੁਗਤਣੇ ਪੈਂਦੇ ਹਨ। ਅਸੀਂ ਇਸ ਤਰ੍ਹਾਂ ਦੀ ਹਰਕਤ ਬਰਦਾਸ਼ਤ ਨਹੀਂ ਕਰ ਸਕਦੇ। ਇਸ ਕਾਨੂੰਨੀ ਕਾਰਵਾਈ ਦੀ ਗੱਲ ਪਿਛਲੇ ਵੀਕੈਂਡ ਉਦੋਂ ਸਾਹਮਣੇ ਆਈ ਜਦੋਂ ਪ੍ਰੈੱਸ ਕਾਨਫਰੰਸ ਕਰਕੇ ਸ਼ੀਅਰ ਨੇ ਪ੍ਰਧਾਨ ਮੰਤਰੀ ਦੇ ਵਕੀਲ ਵੱਲੋਂ ਇਸ ਕਾਨੂੰਨੀ ਕਾਰਵਾਈ ਸਬੰਧੀ ਭੇਜੀ ਚਿੱਠੀ ਦੀਆਂ ਕਾਪੀਆਂ ਵੰਡੀਆਂ। ਜਿਸ ਦਿਨ ਜੋਡੀ ਵਿਲਸਨ ਰੇਅਬੋਲਡ ਨੇ ਐਸਐਨਸੀ-ਲਾਵਾਲਿਨ ਮਾਮਲੇ ਵਿੱਚ ਵਾਧੂ ਸਬੂਤ ਤੇ ਆਡੀਓ ਰਿਕਾਰਡਿੰਗ ਪੇਸ਼ ਕਰਨ ਸਬੰਧੀ ਬਿਆਨ ਦਿੱਤਾ ਸੀ ਉਸ ਦਿਨ ਸ਼ੀਅਰ ਨੇ ਵੀ ਇੱਕ ਬਿਆਨ ਦਿੱਤਾ ਸੀ ਜਿਸ ਕਾਰਨ ਟਰੂਡੋ ਦੇ ਵਕੀਲ ਵੱਲੋਂ ਵਿਰੋਧੀ ਧਿਰ ਦੇ ਆਗੂ ਨੂੰ ਕਾਨੂੰਨੀ ਕਾਰਵਾਈ ਦਾ ਸਾਹਮਣਾ ਕਰਨ ਦੀ ਚੇਤਾਵਨੀ ਦਿੰਦੀ ਚਿੱਠੀ ਮਿਲੀ ਸੀ। ਉਸ ਸਮੇਂ ਆਪਣੇ ਬਿਆਨ ਵਿੱਚ ਸ਼ੀਅਰ ਨੇ ਆਖਿਆ ਸੀ ਕਿ ਰੇਅਬੋਲਡ ਵੱਲੋਂ ਪੇਸ਼ ਸਬੂਤ ਇਸ ਗੱਲ ਦੀ ਸ਼ਾਹਦੀ ਭਰਦੇ ਹਨ ਕਿ ਐਸਐਨਸੀ-ਲਾਵਾਲਿਨ ਮਾਮਲੇ ਵਿੱਚ ਟਰੂਡੋ ਨੇ ਨਾ ਸਿਰਫ ਸਿਆਸੀ ਦਖਲਅੰਦਾਜ਼ੀ ਕੀਤੀ ਸਗੋਂ ਇਸ ਸਬੰਧੀ ਪੂਰੀ ਮੁਹਿੰਮ ਵੀ ਚਲਾਈ। ਸ਼ੀਅਰ ਨੇ ਇਹ ਵੀ ਆਖਿਆ ਸੀ ਕਿ ਇਹ ਭ੍ਰਿਸ਼ਟਾਚਾਰ ਦੇ ਉੱਤੋਂ ਦੀ ਭ੍ਰਿਸ਼ਟਾਚਾਰ ਤੋਂ ਇਲਾਵਾ ਕੁੱਝ ਨਹੀਂ ਹੈ।

...ਬਾਕੀ ਪੰਨਾ 6 ’ਤੇ

## ਫੈਡਰਲ ਸਰਕਾਰ ਵੱਲੋਂ ਲੋਬਲਾਅ ਨੂੰ 12 ਮਿਲੀਅਨ ਡਾਲਰ ਦੇ ਫੰਡ ਮੁਹੱਈਆ ਕਰਵਾਉਣ ਉੱਤੇ ਕਈਆਂ ਨੂੰ ਇਤਰਾਜ਼

ਓਟਵਾ, 9 ਅਪਰੈਲ (ਪੋਸਟ ਬਿਊਰੋ) : ਕੈਨੇਡਾ ਦੇ ਸੱਭ ਤੋਂ ਵੱਡੇ ਗਰੌਸਰੀ ਸਟੋਰ ਨੂੰ ਸਰਕਾਰ ਵੱਲੋਂ ਫੰਡ ਮੁਹੱਈਆ ਕਰਵਾਏ ਜਾਣ ਉੱਤੇ ਕੁੱਝ ਲੋਕਾਂ ਵੱਲੋਂ ਇਤਰਾਜ਼ ਪ੍ਰਗਟਾਇਆ ਜਾ ਰਿਹਾ ਹੈ। ਇਤਰਾਜ਼ ਕਰਨ ਵਾਲਿਆਂ ਦਾ ਕਹਿਣਾ ਹੈ ਕਿ ਜਨਤਾ ਦਾ ਪੈਸਾ ਇੱਕ ਵੱਡੀ ਤੇ ਮੁਨਾਫੇ ਵਿੱਚ ਚੱਲ ਰਹੀ ਕੰਪਨੀ ਨੂੰ ਕਿਉਂ ਦਿੱਤਾ ਜਾ ਰਿਹਾ ਹੈ?

ਜ਼ਿਕਰਯੋਗ ਹੈ ਕਿ ਸੋਮਵਾਰ ਨੂੰ ਐਨਵਾਇਰਮੈਂਟ ਐਂਡ ਕਲਾਇਮੇਟ ਚੇਂਜ ਮੰਤਰੀ ਕੈਥਰੀਨ ਮੈਕੇਨਾ ਨੇ ਇਹ ਐਲਾਨ ਕੀਤਾ ਸੀ ਕਿ ਸਰਕਾਰ ਲੋਬਲਾਅ ਕੰਪਨੀਜ਼ ਲਿਮਟਿਡ ਨੂੰ ਆਪਣੇ 370 ਸਟੋਰਾਂ ਵਿੱਚ ਘੱਟ ਰਿਸਾਅ (ਘੱਟ ਪ੍ਰਦੂਸ਼ਣ ਫੈਲਾਉਣ ਵਾਲੇ) ਵਾਲੇ ਰੈਫਰੀਜੇਟਰ ਸਿਸਟਮਜ਼ ਲਾਉਣ ਲਈ 12 ਮਿਲੀਅਨ ਡਾਲਰ ਮੁਹੱਈਆ ਕਰਵਾ ਰਹੀ ਹੈ। ਕੰਪਨੀ ਦਾ ਕਹਿਣਾ ਹੈ ਕਿ ਇਸ ਨਵੇਂ ਰੈਫਰੀਜੇਸ਼ਨ ਸਿਸਟਮ ਨਾਲ ਕਾਰਬਨ ਫੁੱਟਪ੍ਰਿੰਟ 23 ਫੀ ਸਦੀ ਘੱਟ ਜਾਵੇਗਾ।

ਇਹ ਪੈਸਾ ਉਸ 450 ਮਿਲੀਅਨ ਡਾਲਰ ਦੇ ਫੈਡਰਲ ਫੰਡ ਤੋਂ ਆਵੇਗਾ ਜਿਹੜਾ ਕਾਰੋਬਾਰਾਂ, ਗੈਰ ਮੁਨਾਫੇ ਵਾਲੇ ਗਰੁੱਪਜ਼ ਦੀ ਮਦਦ ਲਈ ਕਾਇਮ ਕੀਤਾ ਗਿਆ ਹੈ ਤਾਂ ਕਿ ਸਰਕਾਰਾਂ ਪ੍ਰਦੂਸ਼ਣ ਨੂੰ ਘਟਾ ਸਕਣ। ਪਰ ਇਸ ਫੈਸਲੇ ਤੋਂ ਕਈ ਲੋਕਾਂ ਨੂੰ ਇਤਰਾਜ਼ ਹੈ। ਇਨ੍ਹਾਂ ਵਿੱਚ ਕੈਨੇਡੀਅਨ ਫੈਡਰੇਸ਼ਨ ਆਫ ਇੰਡੀਪੈਂਡੈਂਟ ਬਿਜ਼ਨਸ (ਸੀਐਫਆਈਬੀ) ਵੀ ਸ਼ਾਮਲ ਹੈ ਜਿਸ ਦੇ 110,000 ਮੈਂਬਰ ਹਨ। ਸੀਐਫਆਈਬੀ ਦਾ ਮੰਨਣਾ ਹੈ ਕਿ ਇਸ ਤਰ੍ਹਾਂ ਦੀ ਵਿੱਤੀ ਸਹਾਇਤਾ ਲੋੜਵੰਦ ਨਿੱਕੀਆਂ ਕੰਪਨੀਆਂ ਨੂੰ ਮਿਲਣੀ ਚਾਹੀਦੀ ਹੈ।

...ਬਾਕੀ ਪੰਨਾ 6 ’ਤੇ

## ਵਿਰਾਸਤ ਏ ਖਾਲਸਾ ਵੱਲੋਂ ਸਾਕਾ ਜਲਿਆਂਵਾਲਾ ਬਾਗ ਦੀ ਸ਼ਤਾਬਦੀ ਨੂੰ ਸਮਰਪਿਤ ਸਫਲ ਸਾਊਂਡ ਐਂਡ ਲੇਜ਼ਰ ਸ਼ੋਅ

ਬੀਤੇ ਐਤਵਾਰ ਵਿਰਾਸਤ ਏ ਖਾਲਸਾ ਵਲੋਂ ਸ: ਭਗਤ ਸਿੰਘ ਜੀ ਦੀ ਜੀਵਨੀ ਬਾਰੇ ਤੇ ਜਲਿਆਂਵਾਲਾ ਬਾਗ ਵਿਚ ਹੋਏ ਸਾਕੇ ਦੇ ਸਤਾਬਦੀ ਵਰ੍ਹੇ ਨੂੰ ਸਮਰਪਿਤ ਸਾਊਂਡ ਐਂਡ ਲੇਜ਼ਰ ਸ਼ੋਅ ਕਰਵਾਇਆ ਗਿਆ। ਕੈਨੇਡੀਅਨ ਕਨਵੈਂਸ਼ਨ ਸੈਂਟਰ ਵਿਚ ਹੋਏ ਇਸ ਸ਼ੋਅ ਨੂੰ ਹਜ਼ਾਰਾਂ ਲੋਕਾਂ ਨੇ ਦੇਖਿਆ ਤੇ ਭਗਤ ਸਿੰਘ ਜੀ ਦੀ ਜੀਵਨੀ ਦੀਆਂ ਗੱਲਾਂ ਨੂੰ ਯਾਦ ਕੀਤਾ। ਇਹ ਸਾਊਂਡ ਐਂਡ ਲੇਜ਼ਰ ਸ਼ੋਅ ਪ੍ਰਾਚੀਨ ਭਾਰਤ ਨਾਮ ਦੀ ਸੰਸਥਾ ਵਲੋਂ ਤਿਆਰ ਕੀਤਾ ਗਿਆ ਸੀ ਤੇ ਇਸ ਨੂੰ ਕੈਨੇਡਾ ਤੱਕ ਲਿਆਉਣ ਲਈ ਕੌਂਸਲਰ ਜਨਰਲ ਆਫ਼ ਇੰਡੀਆ ਦਾ ਵਿਸ਼ੇਸ਼ ਸਹਿਯੋਗ ਰਿਹਾ। ਸ਼ੋਅ ਦੇ ਸੁਰੂਆਤ ਮੌਕੇ ਕੌਂਸਲਰ ਜਨਰਲ ਸ੍ਰੀ ਦਿਨੇਸ ਭਾਟੀਆ ਨੇ ਜਲਿਆਂਵਾਲਾ ਬਾਗ ਦੇ ਇਸ ਸਾਕੇ ਉਤੇ ਆਪਣੇ ਵਿਚਾਰ ਰੱਖੇ ਅਤੇ ਸ਼ਹੀਦ ਏ ਆਜਮ ਭਗਤ ਸਿੰਘ ਦੀ ਜੀਵਨ ਤੇ ਉਸ ਦੀ ਵਿਚਾਰ ਧਾਰਾ ਦੇ ਬਾਰੇ ਵਿਚ ਆਪਣੀ ਰਾਏ ਦਿੱਤੀ।

...ਬਾਕੀ ਪੰਨਾ 3 ’ਤੇ





## ਅੰਦਰ ਪੜ੍ਹੋ

ਫਿਲਪੌਟ ਤੇ ਰੇਅਬੋਲਡ ਨੂੰ ਲਿਬਰਲ ਕਾਕਸ ਵਿੱਚੋਂ ਕੱਢਣ ਸਮੇਂ ਟਰੂਡੋ ਨੇ ਕੀਤੀ ਸੀ ਕਾਨੂੰਨ ਦੀ ਉਲੰਘਣਾ! — ਪੰਨਾ 03

ਕੁੰਵਰ ਵਿਜੈ ਪ੍ਰਤਾਪ ਦੇ ਪੱਖ ਵਿੱਚ ਪੰਜਾਬ ਸਰਕਾਰ ਚੋਣ ਕਮਿਸ਼ਨ ਕੋਲ ਪਹੁੰਚ ਕਰੇਗੀ — ਪੰਨਾ 04


Best Insurance Rates
Auto · Home · Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth R.I.B.O
Address: 1550 South Gateway Rd. Suite 220 Mississauga, ON L4W 5G6

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration · Real Estate / Commercial Law · Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

INSURANCE
Home · Auto · Business · Trucking · R.E.S.P · Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance · Life & Disability · Critical illness · RESP · Visitor & Travel insurance
All Care Insurance Inc. (416-845-1352) Manwinder Mangat Broker
Axel InsuranceBrokers Ltd. 1332 Khalsa Dr, Unit # 11, Mississauga, ON L5S 0A2

ਕੀ ਤੁਸੀ ਕਾਕਰੋਚ, ਚੂਹੇ, ਕਿੜੇ-ਮੁਕੌੜਿਆਂ ਤੋਂ ਪਰੇਸ਼ਾਨ ਹੋ ਤੇ ਬੈਡ ਬੱਗਾਂ ਨੇ ਤੁਹਾਡੀ ਰਾਤਾਂ ਦੀ ਨੀਂਦ ਖਰਾਬ ਕੀਤੀ ਹੋਈ ਹੈ?
ਟਰੀਟਮੈਂਟ ਕਰਵਾਈ ਸੀ ਪਰ ਬਣੀ ਨੀ ਗੱਲ? ਤਾਂ ਘਬਰਾਉ ਨਾ ਟਰਾਂਟੋ ਪੈਸਟ ਅਰੈਸਟ ਵਾਲੇ ਕਰਨਗੇ ਪੱਕਾ ਹੱਲ !
Toronto Pest Arrest · Pest Control Services · Residential /Commercial/Industrial
ਕਾਲ ਕਰੋ: 647-515-8000
ਘੱਟ ਕੀਮਤ ਦੀ ਨਹੀ, ਪਰ ਸਿੱਕੇ ਬੰਦ ਕੰਮ ਦੀ ਗਰੰਟੀ ਹੈ *Insured & Licensed

HELPING YOUR PLAN TODAY......FOR TOMORROW
Supervisa / Visitor Insurance · Life / Mortgage/Funeral Insurance · Disability Insurance · Critical Illness Insurance · RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovarid Dr. W. Brampton,ON,L6X0T9

Canada Consumer Credit Assistance — ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ? · ਗਾਰਨਿਸ਼ਮੈਂਟ? · ਬੈਂਕ ਵਲੋਂ ਪੈਸੇ ਦੀ ਮੰਗ ? · ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਮਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

HSBA TAX SERVICES
Personal/Corporation Tax · Bookkeeping Services · Business/Corporation Registration · HST/WSIB/Payroll Tax · Tax Planning/Audits · Financial Statements
647-720-5278 Prabhjot Kaur Sr. Accountant, M.B.A
20% Discount *For Students, New Immigrants and Senior Citizens
100 Maritime Ontario Blvd., Unit 77, Brampton, ON L6S 0E7

INSURANCE
Life / Disability / Critical Illness · Super Visa / Visitor / Travel / RRSP / RESP /
SHEVINDER SIDHU Insurance Advisor 416-557-8080 shevindersidhu@gmail.com
10-7003 Steeles Ave. West, Etobicoke

Law Office of Aman Sharma
Real Estate · Commercial Lease · Business Purchase & Sale · Notarizations & Affidavits · Wills & Power Of Attorney
Fax: 905-913-2344 Tel: 905-913-2355
Aman Sharma
4515 Ebenezer Rd, Suite 211, Brampton, Ontario L6P2K7 Open Saturday
Providing excellent quality legal services to our clients

Super Visa Insurance · Visitor Visa Insurance · Travel Insurance · Student Insurance · New Immigrant 90 Days Med. Insurance
Punjab Insurance Inc www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

ਕੀ ਤੁਸੀ ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋ?
MICE, COCKROACH, BEDBUG & ALL COMMON BUGS · All Pest Control · AFFORDABLE & RELIABLE · 100% Customer Satisfaction
KSG Pest Control Inc. Residential, Commercial www.ksgpestcontrol.ca ksgpestcontrol@gmail.com
Amarjeet Singh Gill Certified & Licensed Exterminator 647.990.3205

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ 905.796.7500 Tico # 50021780
900 Raylawson Blvd. Unit # 6, Brampton

Mortgage! We Will Beat Any Rate !!! *Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre · Avon Financial Inc. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control · Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE · A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

MANN LAW FIRM
Real Estate Law · Business Law · Wills & Estates · Family Law · Power of Attorney · Civil Litigation · Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9 T: 905 799 9333 www.mannlawfirm.ca

Royal Pest Control
Residential Commercial Industrial
Specialist in Bedbugs Service
All Pest Control : Mouse & Rats · Spiders & Fleas · Bedbugs · Wasps · Cockroaches · Carpenter Ants · Silver Fish · Racoons
Call : PARESH PATEL (Government Approved Licensed Technician)
416 938 4598

KELLEY LAW OFFICE
Immigration · Real Estate · Family Law · Business Closing · Corporate · Wills & Estate · Power of Attorney/Affidavit /Attestations
www.kelleylawoffice.ca | info@kelleylawoffice.ca
ਇਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3 Shinder Kelley 905-362-0755

CN Forklift Training Center
Counterbalance All Types · Walkie pallet Low Lift · Electric Motor Narrow Aisle Reach · Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us · NC Dhawan Certified Instructor
Cell: 416 726 6206 Tel: 905 405 0001



PUNJAB SINDH FINANCE

TRUCK/TRAILER LOAN & REFINANCE

ਨਵੇਂ ਪੁਰਾਣੇ ਟ੍ਰਕਾਂ/ਟ੍ਰੈਲਰਾਂ ਦੀ ਕੁਝ ਹੀ ਘੰਟਿਆਂ ਵਿੱਚ Financing/Refinancing ਦਾ ਪੂਰਾ ਪ੍ਰਬੰਦ

- Quick Loan Approval Guranteed
- Bad credit........ No Problem
- Low Down Payment
- Lowest Rate of Interest
- Paper Work...... Minimum
- Best Flexible Terms & Conditions

Gary Chatha
President
647.227.3385
info@punjabsindhfinance.com
905.440.0000

6665 Tomken Rd #202, Mississauga, ON L5T 2C5 (Tomken/Midway)



TOTAL HOME Windows & Doors ਮੰਨ ਪਸੰਦ ਦੀਆਂ ਖਿੜਕੀਆਂ ਤੇ ਦਰਵਾਜੇ ਲਗਵਾਉ ਤੇ ਢੇਰ ਸਾਰੀ ਬਚਤ ਪਾਓ!

WINTER & SPRING SPECIAL SALE

- WINDOWS
- FIBERGLASS DOORS
- STEEL DOORS
- SLIDING PATIO DOORS

Guaranteed lowest Price up to 50% OFF

- Honest & fair prices
- Professional installation
- High quality products
- First class service



For 5 Stars Reviews Online & Testimonial visit: https://thwindowsdoors.com/testimonials/

Phone: 416-661-6666 | Toll Free: 1-855-550-0610

7250 Keele street, Unit 167, Vaughan, ON. L4K 1Z8
Email: info@thwindowsdoors.com | Web: thwindowsdoors.com



JR Chartered Professional Accountant
Rajwinder Johal
PROFESSIONAL CORPORATION

**TAX SEASON!!!**

For all your Accounting and Tax needs call 416 823 2556

Services offered:

- Personal Taxes starting at $40
- New business incorporation starting at $50
- Corporate taxes starting at $100
- Full Charge Bookkeeping and Accounting (monthly rate starting at $100), includes following: Accounts Receivable/ Payable/ Bank and Credit Card Reconciliations. Payroll preparation and source deduction filing. HST and WSIB registration Government remittances (HST/ ROE/ all T - slips and T4s. *QuickBooks online will be used, which provides you with an access to you books from anywhere the world.*

Please contact me today for more information!
Or visit my website: www.rjohalcpa.ca or Call (416) 823 2556.



ਮੂੰਹੋ ਬੋਲਦੀ Kitchen and Washroom ਬਣਵਾਓ

Pearson Kitchen & Cabinet

Free Estimate
We Specialize in granite, quartz & marble countertops

100% Satisfaction On Time





We Specialize In:

- Kitchen Cabinets, Pantries & Floor tiles
- All Types of Range Hoods (etc.Heavy Duty, Noiseless)
- Installation of Washroom Vanities, Showers and bathroom tiles
- Many Counter-top options to choose from (Granite, Marble, Quartz; etc.)
- Custom Office Counters & Bar Installation
- We install all kinds of tiles and hardwood floor

ਵਾਜਿਬ ਦਾਮ ਤੇ ਸਮੇਂ ਸਿਰ ਕੰਮ

Call Vikramjit Sangha: 416-200-0931

Special Discount for Contractors | Buy Direct From The Factory

271 - Glidden Rd. Unit#5, Brampton (Kennedy&Glidden)






chatr™ AUTHORIZED DEALER

379 Main St. North, Brampton, ON
905-451-0379

2456 Lake shore Blvd W., Etobicoke, ON

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

# ਵਿਰਾਸਤ ਏ ਖਾਲਸਾ ਵੱਲੋਂ ਸਾਕਾ ਜਲਿਆਂਵਾਲਾ ਬਾਗ ਦੀ ਸ਼ਤਾਬਦੀ ਨੂੰ ਸਮਰਪਿਤ ਸਫਲ ਸਾਊਂਡ ਐਂਡ ਲੇਜ਼ਰ ਸ਼ੋਅ



...ਪੰਨਾ 1 ਦਾ ਬਾਕੀ

ਉਨ੍ਹਾਂ ਕਿਹਾ ਕਿ ਜੇਕਰ ਭਾਰਤ ਅੱਜ ਆਜਾਦੀ ਦਾ ਨਿੱਘ ਮਾਣ ਰਿਹਾ ਹੈ ਤਾਂ ਉਸ ਵਿਚ ਵੱਡਾ ਯੋਗਦਾਨ ਭਗਤ ਸਿੰਘ, ਰਾਜਗੁਰੂ, ਸੁਖਦੇਵ ਤੇ ਅਜਿਹੇ ਹੋਰ ਨੌਜਵਾਨਾਂ ਦਾ ਹੈ, ਜਿਨ੍ਹਾਂ ਨੇ ਉਸ ਸਮੇ ਭਾਰਤ ਦੀ ਜਨਤਾ ਨੂੰ ਜਗਾਇਆ ਤੇ ਆਪਣਾ ਹੱਕ ਆਜਾਦੀ ਲੈਣ ਲਈ ਪ੍ਰੇਰਿਆ। ਹਰਜਿੰਦਰ ਗਿੱਲ, ਜਿਨ੍ਹਾਂ ਨੇ ਇਹ ਸਾਰਾ ਪ੍ਰੋਗਰਾਮ ਕੋਆਰਡੀਨੇਟ ਕੀਤਾ, ਉਨ੍ਹਾਂ ਆਏ ਦਰਸ਼ਕਾਂ ਦਾ ਧੰਨਵਾਦ ਕੀਤਾ। ਇਹ ਸਾਰਾ ਪ੍ਰੋਗਰਾਮ ਮੁਫਤ ਸੀ। ਇਸ ਵਿਚ ਤਿੰਨ ਸ਼ੋਅ ਪੇਸ਼ ਕੀਤੇ ਗਏ। ਪਹਿਲਾ ਸ਼ੋਅ 1 ਵਜੇ ਪੰਜਾਬੀ ਵਿਚ, ਦੂਜਾ ਸ਼ੋਅ 3 ਵਜੇ ਹਿੰਦੀ ਵਿਚ ਤੇ ਤੀਜਾ ਸ਼ੋਅ ਸ਼ਾਮ 5 ਵਜੇ ਅੰਗ੍ਰੇਜੀ ਵਿਚ ਪੇਸ਼ ਕੀਤਾ ਗਿਆ।







## ਅੱਜ ਨਾਮਾ

ਮੰਤਰੀ ਇੱਕ ਪੰਜਾਬ ਦਾ ਪਿਆ ਕਹਿੰਦਾ,
ਕਹਿਣਾ ਸੱਚ ਹੈ ਅਸਾਂ ਦਾ ਫਰਜ਼ ਮੀਆਂ।
ਸਰਕਾਰ ਸਾਡੀ ਤੇ ਸਾਡੀ ਨਾ ਸੁਣੀ ਜਾਵੇ,
ਮਾਮਲਾ ਬੜਾ ਹੈ ਯਾਰ ਅਸਚਰਜ ਮੀਆਂ।
ਮੇਰਾ ਚੇਲਾ ਇਕ ਘੇਰਿਆ ਪੁਲਸੀਆਂ ਨੇ,
ਕਰ ਕੇਸ ਵੀ ਦਿੱਤਾ ਫਿਰ ਦਰਜ ਮੀਆਂ।
ਸਾਡੇ ਕਿਹਾਂ ਵੀ ਬੰਦਾ ਨਹੀਂ ਛੁੱਟ ਸਕਦਾ,
ਸਾਡੀ ਸੁਣੀ ਨਾ ਕਿਸੇ ਵੀ ਅਰਜ਼ ਮੀਆਂ।
ਮੰਤਰੀ ਕੱਖ ਨਹੀਂ ਜਾਣਦਾ ਪੁਲਸ ਆਖੇ,
ਛੁੱਟਣ ਚੇਲੇ ਦਾ ਕਰੇ ਪਿਆ ਪੱਖ ਮੀਆਂ।
ਜਦੋਂ ਤੱਕ ਨੂੰ ਆਉਣੀ ਹੈ ਚੋਣ ਅਗਲੀ,
ਟਿਕੀ ਚੇਲੇ ਦੀ ਸੀਟ ਵੱਲ ਅੱਖ ਮੀਆਂ।

ਤੀਸ ਮਾਰ ਖਾਂ

## ਫਿਲਪੌਟ ਤੇ ਰੇਅਬੋਲਡ ਨੂੰ ਲਿਬਰਲ ਕਾਕਸ ਵਿੱਚੋਂ ਕੱਢਣ ਸਮੇਂ ਟਰੂਡੋ ਨੇ ਕੀਤੀ ਸੀ ਕਾਨੂੰਨ ਦੀ ਉਲੰਘਣਾਂ!



ਓਟਵਾ, 9 ਅਪਰੈਲ (ਪੋਸਟ ਬਿਊਰੋ) : ਆਜ਼ਾਦ ਐਮਪੀ ਜੇਨ ਫਿਲਪੌਟ ਦਾ ਕਹਿਣਾ ਹੈ ਕਿ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਜਦੋਂ ਉਨ੍ਹਾਂ ਨੂੰ ਤੇ ਉਨ੍ਹਾਂ ਦੀ ਕੁਲੀਗ ਜੋਡੀ ਵਿਲਸਨ ਰੇਅਬੋਲਡ ਨੂੰ ਲਿਬਰਲ ਕਾਕਸ ਵਿੱਚੋਂ ਕੱਢਿਆ ਗਿਆ ਤਾਂ ਉਸ ਸਮੇਂ ਉਨ੍ਹਾਂ ਪਾਰਲੀਆਮੈਂਟ ਦੇ ਕਾਨੂੰਨ ਦੀ ਉਲੰਘਣਾ ਕੀਤੀ ਤੇ ਐਮਪੀਜ਼ ਦੇ ਅਧਿਕਾਰਾਂ ਵਿੱਚ ਵੀ ਅੜਿੱਕਾ ਪਾਇਆ।

ਪਰ ਲਿਬਰਲਾਂ ਦਾ ਕਹਿਣਾ ਹੈ ਕਿ ਜਿਸ ਕਾਨੂੰਨ ਦੀ ਗੱਲ ਕੀਤੀ ਜਾ ਰਹੀ ਹੈ ਉਸ ਸਮੇਂ ਇਸ ਪਾਰਲੀਆਮੈਂਟ ਸੈਸ਼ਨ ਦੇ ਸ਼ੁਰੂ ਵਿੱਚ ਲਿਬਰਲ ਕਾਕਸ, ਜਿਸ ਵਿੱਚ ਫਿਲਪੌਟ ਤੇ ਰੇਅਬੋਲਡ ਵੀ ਸ਼ਾਮਲ ਸਨ, ਨੇ ਇਸ ਤੋਂ ਬਾਹਰ ਰਹਿਣ ਦਾ ਫੈਸਲਾ ਕੀਤਾ ਸੀ।

ਮੰਗਲਵਾਰ ਸਵੇਰੇ ਹਾਊਸ ਆਫ ਕਾਮਨਜ਼ ਵਿੱਚ ਫਿਲਪੌਟ ਨੇ ਐਮਪੀ ਵਜੋਂ ਆਪਣੇ ਅਧਿਕਾਰਾਂ ਦੀ ਗੱਲ ਕਰਦਿਆਂ ਆਖਿਆ ਕਿ ਉਨ੍ਹਾਂ ਦੇ ਹੀ ਨਹੀਂ ਸਗੋਂ ਉਨ੍ਹਾਂ ਦੀ ਸਾਥੀ ਤੇ ਸਾਬਕਾ ਕੈਬਨਿਟ ਮੰਤਰੀ ਵਿਲਸਨ ਰੇਅਬੋਲਡ ਦੇ ਅਧਿਕਾਰਾਂ ਦੀ ਵੀ ਉਲੰਘਣਾ ਹੋਈ ਹੈ।

ਜ਼ਿਕਰਯੋਗ ਹੈ ਕਿ ਐਸਐਨਸੀ-ਲਾਵਾਲਿਨ ਮਾਮਲੇ ਵਿੱਚ ਟਰੂਡੋ ਤੇ ਲਿਬਰਲ ਕਾਕਸ ਦੇ ਉਨ੍ਹਾਂ ਦੇ ਐਮਪੀਜ਼ ਨੇ ਇਹ ਆਖਿਆ ਸੀ ਕਿ ਲਿਬਰਲ ਟੀਮ ਤੇ ਟਰੂਡੋ ਮੰਤਰੀ ਮੰਡਲ ਵਿੱਚ ਸ਼ਾਮਲ ਇਨ੍ਹਾਂ ਦੋਵਾਂ ਆਗੂਆਂ ਦਰਮਿਆਨ ਭਰੋਸਾ ਟੁੱਟਿਆ ਹੈ। ਇਸ ਵਿਵਾਦ ਦੇ ਚੱਲਦਿਆਂ ਫਿਲਪੌਟ ਤੇ ਰੇਅਬੋਲਡ ਨੇ ਆਪਣੇ ਕੈਬਨਿਟ ਦੇ ਅਹੁਦਿਆਂ ਤੋਂ ਅਸਤੀਫਾ ਦੇ ਦਿੱਤਾ ਸੀ ਤੇ ਉਨ੍ਹਾਂ ਇਸ ਮਾਮਲੇ ਵਿੱਚ ਹੋਰ ਜਾਣਕਾਰੀ ਮੁਹੱਈਆ ਕਰਵਾਉਣ ਦੀ ਆਪਣੀ ਪੇਸ਼ਕਸ਼ ਵੀ ਜਾਰੀ ਰੱਖੀ ਸੀ।

ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਫਿਲਪੌਟ ਇਹ ਤਰਕ ਇਸ ਲਈ ਦੇ ਰਹੀ ਹੈ ਕਿ ਟਰੂਡੋ ਵੱਲੋਂ ਪਾਰਲੀਆਮੈਂਟ ਆਫ ਕੈਨੇਡਾ ਐਕਟ ਦੀ ਉਲੰਘਣਾ ਕੀਤੀ ਗਈ ਕਿਉਂਕਿ ਲਿਬਰਲ ਕਾਕਸ ਵੱਲੋਂ ਇਸ ਪਾਰਲੀਆਮੈਂਟ ਸੈਸ਼ਨ ਦੇ ਸ਼ੁਰੂ ਹੋਣ ਉੱਤੇ ਉਹ ਵੋਟਿੰਗ ਨਹੀਂ ਕਰਵਾਈ ਜਿਹੜੀ ਕਾਨੂੰਨੀ ਤੌਰ ਉੱਤੇ ਇਹ ਤੈਅ ਕਰਨ ਲਈ ਜ਼ਰੂਰੀ ਸੀ ਕਿ ਕਾਕਸ ਵਿੱਚੋਂ ਕਿਸੇ ਨੂੰ ਕੱਢਣ ਲਈ ਕਿਹੋ ਜਿਹੀ ਕਾਰਵਾਈ ਅਪਣਾਈ ਜਾਵੇਗੀ। ਇਸ ਤੋਂ ਇਲਾਵਾ ਫਿਲਪੌਟ ਨੇ ਇਹ ਵੀ ਆਖਿਆ ਕਿ ਟਰੂਡੋ ਨੇ ਬਿਨਾ ਕਾਕਸ ਦੀ ਵੋਟ ਦੇ ਉਨ੍ਹਾਂ ਦੋਵਾਂ ਨੂੰ ਕੱਢਣ ਦਾ ਫੈਸਲਾ ਆਪਣੇ ਆਪ ਹੀ ਲੈ ਲਿਆ।

## ਜਲਿਆਂਵਾਲਾ ਬਾਗ ਕਾਂਡ ਦੀ ਮੁਆਫੀ ਮੰਗਣ ਤੋਂ ਬ੍ਰਿਟੇਨ ਸਰਕਾਰ ਦਾ ਇਨਕਾਰ

ਲੰਡਨ, 9 ਅਪਰੈਲ, (ਪੋਸਟ ਬਿਊਰੋ)- ਭਾਰਤ ਦੇ ਅੰਮ੍ਰਿਤਸਰ ਵਿੱਚ ਬ੍ਰਿਟਿਸ਼ ਰਾਜ ਦੌਰਾਨ ਹੋਏ 'ਜਲਿਆਂਵਾਲਾ ਬਾਗ ਕਤਲੇਆਮ' ਉੱਤੇ ਬ੍ਰਿਟੇਨ ਦੀ ਸਰਕਾਰ ਨੇ ਅੱਜ ਵੀ ਮੁਆਫੀ ਮੰਗਣ ਦੀ ਗੱਲ ਟਾਲ ਦਿੱਤੀ ਹੈ।

ਇਸ ਘਟਨਾ ਦੀ 100ਵੀਂ ਵਰ੍ਹੇਗੰਢ ਤੋਂ ਪਹਿਲਾਂ ਬ੍ਰਿਟੇਨ ਸਰਕਾਰ ਵੱਲੋਂ ਮੁਆਫੀ ਮੰਗੇ ਜਾਣ ਦੇ ਮਤੇ ਉੱਤੇ ਬ੍ਰਿਟੇਨ ਦੀ ਪਾਰਲੀਮੈਂਟ ਵਿੱਚ ਬਹਿਸ ਦੌਰਾਨ ਕਰੀਬ ਸਾਰੇ ਦਲਾਂ ਦੇ ਮੈਂਬਰਾਂ ਨੇ ਇਸ ਮੰਗ ਦਾ ਪੱਖ ਲਿਆ ਸੀ। ਬਹਿਸ ਦੇ ਜਵਾਬ ਵਿੱਚ ਬ੍ਰਿਟੇਨ ਸਰਕਾਰ ਦੇ ਏਸ਼ੀਆ-ਪ੍ਰਸ਼ਾਂਤ ਖੇਤਰੀ ਮਾਮਲਿਆਂ ਦੇ ਮੰਤਰੀ ਮਾਰਕ ਫੀਲਡ ਨੇ ਸੌ ਸਾਲ ਪਹਿਲਾਂ ਹੋਈ ਇਸ ਘਟਨਾ ਉੱਤੇ ਦੁੱਖ ਪ੍ਰਗਟ ਕੀਤਾ, ਪਰ ਮੁਆਫੀ ਮੰਗਣ ਤੋਂ ਪਾਸਾ ਵੱਟ ਲਿਆ। ਪਾਰਲੀਮੈਂਟ ਵਿੱਚ ਹੈਰੋ ਈਸਟ ਦੇ ਮੈਂਬਰ ਬਾਬ ਬਲੈਕਮੈਨ ਵੱਲੋਂ ਰੱਖੇ ਮਤੇ ਉੱਤੇਬਹਿਸ ਦਾ ਜਵਾਬ ਦੇਣ ਵੇਲੇ ਮੰਤਰੀ ਨੇ ਕਿਹਾ ਕਿ ਬੀਤੇ ਵਿੱਚ ਹੋਈਆਂ ਘਟਨਾਵਾਂਦੀ ਮੁਆਫੀ ਮੰਗਣ ਬਾਰੇ ਮੇਰਾ ਵਿਚਾਰ ਥੋੜ੍ਹਾ ਰਿਵਾਇਤੀ ਹੈ। ਪੁਰਾਣੀਆਂ ਘਟਨਾਵਾਂ ਉੱਤੇਸਰਕਾਰ ਦੇ ਮੁਆਫੀ ਮੰਗਣ ਦੇ ਵਿੱਤੀ ਪਹਿਲੂ ਵੀ ਹਨਤੇ ਇਕ ਘਟਨਾ ਦੀ ਮੁਆਫੀ ਉੱਤੇ ਹੋਰ ਘਟਨਾਵਾਂ ਲਈ ਇਹੋ ਕਰਨ ਦੀ ਮੰਗ ਵਧ ਜਾਵੇਗੀ।

ਬ੍ਰਿਟੇਨ ਸਰਕਾਰ ਵੱਲੋਂ ਮੁਆਫੀ ਨਾ ਮੰਗਣ ਉੱਤੇ ਭਾਰਤੀ ਮੂਲ ਦੇ ਸੀਨੀਅਰ ਐੱਮ ਪੀਵਰਿੰਦਰ ਸ਼ਰਮਾ ਸਣੇ ਕਈ ਨੇਤਾਵਾਂ ਨੇ ਰੋਸਪ੍ਰਗਟ ਕੀਤਾ ਹੈ। ਵਰਿੰਦਰ ਸ਼ਰਮਾ ਮੁਤਾ-ਬਕ ਅਗਲੇ ਹਫਤੇ ਭਾਰਤ, ਪਾਕਿਸਤਾਨ ਤੇ ਬੰਗਲਾਦੇਸ਼ ਮੂਲ ਦੇ ਕਈ ਲੋਕ ਜਮ੍ਹਾ ਹੋਣਗੇ, ਜਿਨ੍ਹਾਂ ਨੇ ਜਲਿਆਂਵਾਲਾ ਬਾਗ ਦੇ ਕਾਂਡ ਵਿੱਚ ਆਪਣਿਆਂ ਨੂੰ ਗੁਆਇਆ ਸੀ। ਪਾਰਲੀਮੈਂਟ ਵਿੱਚ ਭਰਤੀ ਮੂਲ ਦੀ ਮੈਂਬਰ ਪ੍ਰੀਤ ਗਿਲ ਨੇ ਕਿਹਾ ਸੀ ਕਿ ਮੁਆਫੀ ਮੰਗਣ ਦੇ ਨਾਲ ਇਸ ਘਟਨਾ ਨੂੰ ਸਕੂਲਾਂ ਵਿੱਚ ਪੜ੍ਹਾਉਣ ਦੀ ਵੀ ਲੋੜ ਹੈ ਤਾਂਕਿ ਅਗਲੀ ਪੀੜ੍ਹੀ ਬੀਤੇ ਸਮੇਂ ਨੂੰ ਸਹੀ ਰੌਸ਼ਨੀ ਵਿੱਚ ਦੇਖ ਕੇ ਉਸ ਤੋਂ ਸਿੱਖਿਆ ਲੈ ਸਕੇ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated



19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741



LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

ukttc
UK TRUCK TRAINING CENTRE
PCC #179958
Registered as a Private Careers College
Forklift $79 Recertification



➡ Automatic & Manual Trucks
○1:1 Training
➡ Forklift Training
Air Brake Classes
Sat-Sun 8am to 4pm



Counterbalance
Reach Truck
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ
Flyer Distribution



ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 647-208-7011 437-219-1502

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼ Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ। ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ ਦਾ ਵੀ ਸ਼ਰਤੀਆ ਇਲਾਜ ਹੈ।
ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਬਾਇਪਾਸ ਸਰਜਰੀ ਤੋ ਬਚਾਉ ਦਾ ਪੱਕਾ ਇਲਾਜ।
ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ ਜਾਂ ਰੁਕਣਾ। ਜੇਕਰ ਤੁਸੀਂ Stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ। ਸਰਜਰੀ ਅਤੇ Stunt ਤੋਂ ਬੱਚਣ ਲਈ ਸਾਡੇ ਕੋਲ ਤੱਸਲੀਬੱਖਸ਼ ਇਲਾਹ ਹੈ।
ਆਪਣੀ ਚਿਹਰੇ ਦੀ ਖੁਬਸੂਰਤੀ ਨੂੰ ਵਧਾਓ, ਜਿੱਦੀ ਛਾਈਆਂ ਵਰਗੀ ਨਾਮੁਰਾਦ ਬਿਮਾਰੀ ਤੋਂ ਹਮੇਸ਼ਾ ਲਈ ਛੁਟਕਾਰਾ ਪਾਓ। ਸਿਰ ਵਿੱਚ ਸਿਕਰੀ/dandruf ਦਾ ਪੱਕਾ ਇਲਾਜ।
Exima, ਬਵਾਸੀਰ ਦਾ ਪੱਕਾ ਇਲਾਜ ਹੈ ਅੱਖਾਂ ਲਾਲ, ਨਕ ਵਧਣਾ, ਖਾਜ ਹੋਣੀ ਫੁਲਾਂ ਤੋ ਅਤੇ ਘਾਹ ਤੋ ਅਲਰਜੀ, Sinus, Headache, running nose, sneezing ਆਦਿ ਤਕਲੀਫਾਂ ਦਾ ਵੀ ਜੜੋ ਇਲਾਜ ਹੈ। ਕਬਜ਼ ਦਾ ਇਲਾਜ ਤੇ ਸ਼ਰਾਬ ਛਡਣ ਦਾ ਸ਼ਰਤੀਆ ਇਲਾਜ,ਅੱਡੀਆਂ ਦੀਆਂ ਹੱਡੀਆਂ ਵੱਧ ਜਾਣਾ ਤੇ ਪੈਰਾਂ ਦੀਆਂ ਭੌਰੀਆਂ ਦਾ ਪੱਕਾ ਇਲਾਜ ਹੈ।
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
NO SIDE EFFECTS
100% Natural Cure ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593

SherGill Law Firm
Barrister, Solicitor & Notary Public
Services:
• Real Estate
• Residential, Commercial, Franchise
• Criminal Law
• Family Law
• Affidavit, Power Of Attorney & Notarization
• Immigration Matters
Paramjit Singh Gill (MBA,LL.B.)



Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

# ਕੁੰਵਰ ਵਿਜੈ ਪ੍ਰਤਾਪ ਦੇ ਪੱਖ ਵਿੱਚ ਪੰਜਾਬ ਸਰਕਾਰ ਚੋਣ ਕਮਿਸ਼ਨ ਕੋਲ ਪਹੁੰਚ ਕਰੇਗੀ

ਚੰਡੀਗੜ੍ਹ, 9 ਅਪਰੈਲ, (ਪੋਸਟ ਬਿਊਰੋ)- ਬਰਗਾੜੀ, ਬਹਿਬਲ ਕਲਾਂ ਅਤੇ ਕੋਟਕਪੂਰਾ ਕਾਂਡ ਦੀ ਜਾਂਚ ਕਰਦੀ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਦੇ ਮੈਂਬਰ ਕੁੰਵਰ ਵਿਜੇ ਪ੍ਰਤਾਪ ਸਿੰਘ ਆਈਜੀ ਦਾ ਤਬਾਦਲਾ ਹੋਣ ਤੋਂ ਬਾਅਦ ਪੰਜਾਬ ਦੀ ਸਿਆਸਤ ਗਰਮ ਹੋ ਗਈ ਹੈ। ਪੰਜਾਬ ਏਕਤਾ ਪਾਰਟੀ ਦੇ ਪ੍ਰਧਾਨ ਸੁਖਪਾਲ ਸਿੰਘ ਖਹਿਰਾ ਅਤੇ ਆਮ ਆਦਮੀ ਪਾਰਟੀ ਤੋਂ ਬਾਅਦ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੀ ਖੁੱਲ੍ਹਕੇ ਕੁੰਵਰ ਵਿਜੇ ਪ੍ਰਤਾਪ ਸਿੰਘ ਦੀ ਪਿੱਠ ਉੱਤੇ ਖੜ੍ਹੇ ਹੋ ਗਏ ਹਨ। ਉਨ੍ਹਾਂ ਨੇ ਆਈਜੀ ਕੁੰਵਰ ਵਿਜੇ ਪ੍ਰਤਾਪ ਦੀ ਬਦਲੀ ਨੂੰ 'ਪੱਖਪਾਤੀ ਹੁਕਮ' ਕਿਹਾ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਅੱਜ ਇਕ ਬਿਆਨ ਵਿਚ ਕਿਹਾ ਕਿ ਪੰਜਾਬ ਸਰਕਾਰ ਕੁੰਵਰ ਵਿਜੇ ਪ੍ਰਤਾਪ ਸਿੰਘ ਦੇ ਤਬਾਦਲੇ ਦੇ ਫ਼ੈਸਲੇ ਉੱਤੇ ਮੁੜ ਵਿਚਾਰ ਕਰਨ ਦੀ ਮੰਗ ਲਈ ਚੋਣ ਕਮਿਸ਼ਨ ਨੂੰ ਪਹੁੰਚ ਕਰੇਗੀ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦੇ ਇਕ ਆਗੂ ਦੀ ਸ਼ਿਕਾਇਤ ਉੱਤੇ ਚੋਣ ਕਮਿਸ਼ਨ ਦਾ ਇਹ ਹੁਕਮ ਬਰਗਾੜੀਅਤੇ ਬਹਿਬਲ ਕਲਾਂ ਗੋਲ਼ੀ ਕਾਂਡ ਦੀ ਜਾਂਚ ਵਿਚ ਸਿੱਧਾ ਦਖ਼ਲਜਾਪਦਾ ਹੈ, ਜਿਸ ਕਰਕੇ ਪੰਜਾਬ ਸਰਕਾਰ ਨਿਆਂ ਅਤੇ ਸੰਵਿਧਾਨ ਦੀ ਮਰਿਆਦਾ ਦੇ ਪੱਖ ਵਿਚ ਚੋਣ ਕਮਿਸ਼ਨ ਨੂੰ ਆਪਣੇ ਫ਼ੈਸਲੇ ਉੱਤੇ ਮੁੜ ਵਿਚਾਰ ਲਈ ਕਹੇਗੀ। ਮੁੱਖ ਮੰਤਰੀ ਨੇ ਕਿਹਾ ਕਿ ਅਕਾਲੀ ਆਗੂ ਬੇਅਦਬੀ ਦੀਆਂ ਘਟਨਾਵਾਂ ਅਤੇ ਉਸ ਤੋਂ ਬਾਅਦ ਵਾਪਰੇ ਗੋਲ਼ੀ ਕਾਂਡ ਦੇ ਕੇਸਾਂ ਦੀ ਜਾਂਚ ਵਿੱਚ ਅੜਿੱਕੇ ਡਾਹੁਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ। ਬੇਅਦਬੀ ਤੇ ਗੋਲੀ ਕਾਂਡ ਦੀਆਂ ਘਟਨਾਵਾਂ ਅਕਾਲੀ ਰਾਜ ਵਿੱਚ ਵਾਪਰੀਆਂ ਸਨ। ਕੈਪਟਨ ਅਮਰਿੰਦਰ



ਸਿੰਘ ਨੇ ਕਿਹਾ ਕਿ ਅਕਾਲੀ ਆਪਣੀ ਚਮੜੀ ਬਚਾਉਣ ਲਈ ਇਹ ਲੋਕਏਦਾਂ ਕਰ ਰਹੇ ਹਨ।

ਇਹੀ ਨਹੀਂ, ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਚੋਣ ਕਮਿਸ਼ਨ ਦੇ ਹੁਕਮ ਦਾ ਆਧਾਰ ਬੇਤੁਕੀ ਸ਼ਿਕਾਇਤ ਹੈ, ਜਿਹੜੀ ਸ਼ਿਕਾਇਤਕਰਤਾ ਵੱਲੋਂ ਗੁਨਾਹ ਕਬੂਲ ਕਰਨ ਵਰਗੀ ਹੈ। ਉਨ੍ਹਾਂ ਕਿਹਾ ਕਿ ਸ਼ਿਕਾਇਤਕਰਤਾ ਨੂੰ ਇਸ ਕਾਂਡ ਵਿੱਚ ਵਿਸ਼ੇਸ਼ ਜਾਂਚ ਟੀਮ ਦੀ ਜਾਂਚ ਵਿੱਚਆ-ਪਣੇ ਬੇਨਕਾਬ ਹੋਣ ਦਾ ਡਰ ਹੋਣ ਕਰਕੇ ਉਸ ਨੇ ਅਕਾਲੀ ਦਲ ਦੀ ਭਾਈਵਾਲ ਭਾਜਪਾ ਦੀ ਸ਼ਰਣ ਲਈ ਹੈ। ਪੰਜਾਬ ਸਰਕਾਰ ਦੇ ਬੁਲਾਰੇ ਅਨੁਸਾਰ ਕੈਪਟਨ ਅਮਰਿੰਦਰ ਸਿੰਘ ਦੀ ਰਾਏ ਹੈ ਕਿ ਚੋਣ ਕਮਿਸ਼ਨ ਰਾਜ ਕਰਦੀ ਭਾਰਤੀ ਜਨਤਾ ਪਾਰਟੀ ਦੇ ਇਸ਼ਾਰੇ ਉੱਤੇ ਪੱਖਪਾਤੀ ਰੁਖ ਵਿਹਾਰ ਕਰਦਾਹੈ। ਉਨ੍ਹਾਂ ਕਿਹਾ ਕਿ ਭਾਜਪਾ ਵੀ ਆਪਣੇ ਆਪ ਨੂੰ ਤੇ ਆਪਣੇ ਭਾਈਵਾਲਾਂ ਨੂੰ ਬਚਾਉਣ ਲਈ ਵਿਰੋਧੀਆਂ ਨੂੰ ਨਿਸ਼ਾਨਾ ਬਣਾਉਣ ਤੇ ਪੰਜਾਬ ਦੇ ਮਾਮਲਿਆਂ ਵਿੱਚ ਦਖ਼ਲਸਮੇਤ ਹਰ ਘਟੀਆ ਹੱਥਕੰਡਾਵਰਤ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਵਿਸ਼ੇਸ਼ ਜਾਂਚ ਟੀਮ ਬਣਾਉਣ ਦਾ ਇਕਲੌਤਾ ਉਦੇਸ਼ ਦੋਸ਼ੀਆਂ ਨੂੰ ਕਟਹਿਰੇ ਵਿਚ ਖੜ੍ਹਾ ਕਰਨਾ ਅਤੇ ਅਕਾਲੀ-ਭਾਜਪਾ ਰਾਜ ਵੇਲੇ ਦੇ ਕੇਸਾਂ ਦੀ ਜਾਂਚ ਕਰਕੇ ਸਿੱਰੇ ਲਾਉਣਾ ਸੀ, ਜਿਸ ਵਿਚ ਆਈਜੀ ਕੁੰਵਰ ਵਿਜੇ ਪ੍ਰਤਾਪ ਸਿੰਘ ਪ੍ਰਮੁੱਖ ਮੈਂਬਰ ਤੇ ਜਾਂਚ ਟੀਮ ਦੀ ਅਹਿਮ ਕੜੀ ਹੈ। ਉਨ੍ਹਾਂ ਕਿਹਾ ਕਿ ਵਿਸ਼ੇਸ਼ ਜਾਂਚ ਟੀਮ ਸਿਵਲ ਰਿਟ ਪਟੀਸ਼ਨ ਰਾਹੀਂ ਪੰਜਾਬ ਹਰਿਆਣਾ ਹਾਈ ਕੋਰਟ ਦੇ ਨਿਰਦੇਸ਼ਾਂ ਉੱਤੇਜਾਂਚ ਕਰ ਰਹੀ ਹੈ ਤੇ ਉਸ ਨੇ ਆਪਣੀ ਰਿਪੋਰਟ ਹਾਈ ਕੋਰਟ ਨੂੰ ਪੇਸ਼ ਕੀਤੀ ਤਾਂ ਅਦਾਲਤ ਨੇ ਭਰੋਸਾ ਪ੍ਰਗਟ ਕਰ ਕੇ ਇਸ ਦੀ ਨਿਗਰਾਨੀ ਕਰਨ ਤੋਂਵੀ ਇਨਕਾਰ ਕੀਤਾ ਸੀ।ਮੁੱਖ ਮੰਤਰੀ ਨੇ ਕਿਹਾ ਕਿ ਹਾਈ ਕੋਰਟ ਨੇ ਬੀਤੀ 25 ਜਨਵਰੀ ਨੂੰ ਜਾਂਚ ਦਾ ਜ਼ਿੰਮਾ ਸੀਬੀਆਈ ਨੂੰ ਦੇਣਤੋਂਵੀ ਨਾਂਹ ਕੀਤੀ ਸੀ, ਕਿਉਂਕਿ ਵਿਸ਼ੇਸ਼ ਜਾਂਚ ਟੀਮ ਨੇ ਚਾਰ ਅਪਰਾਧਕ ਕੇਸਾਂ ਦੀ ਜਾਂਚ ਕਿਸੇ ਬਾਹਰੀ ਪ੍ਰਭਾਵ ਤੋਂਬਿਨਾਂ ਨਿਰਪੱਖਤਾ, ਆਜ਼ਾਦਾਨਾ ਤੇ ਪੇਸ਼ੇਵਰ ਢੰਗ ਨਾਲ ਕੀਤੀ ਸੀ।

ਇਸ ਮੌਕੇਕੈਪਟਨ ਅਮਰਿੰਦਰ ਸਿੰਘ ਨੇ ਚੋਣ ਕਮਿਸ਼ਨ ਨੂੰ ਅਪੀਲ ਕੀਤੀ ਕਿ ਉਹ ਭਾਜਪਾ ਤੇ ਅਕਾਲੀ ਆਗੂਆਂ ਨੂੰ ਸੌੜੇ ਸਿਆਸੀ ਹਿੱਤਾਂ ਲਈ ਅਜਿਹੇ ਢੰਗ ਅਪਣਾ ਕੇ ਦਿਆਨਤਦਾਰੀ ਨਾਲ ਸਮਝੌਤਾ ਕਰਨ ਦੀ ਖੁੱਲ੍ਹ ਨਾ ਦੇਵੇ, ਕਿਉਂਕਿ ਲੋਕ ਚੋਣ ਕਮਿਸ਼ਨ ਉੱਤੇ ਭਰੋਸਾ ਕਰਦੇ ਹਨ, ਇਨ੍ਹਾਂ ਕਾਰਵਾਈਆਂ ਨਾਲ ਉਸ ਭਰੋਸੇ ਨੂੰ ਖੋਰਾ ਲੱਗੇਗਾ।

# ਸਿੱਖ ਨੌਜਵਾਨ ਦੀ ਦਾੜ੍ਹੀ ਖਿੱਚਦੇ ਯੂ ਪੀ ਦੇ ਪੁਲਸੀਆਂ ਦੀ ਵੀਡੀਓ ਵਾਇਰਲ



ਮੁਜ਼ੱਫਰਪੁਰ, 9 ਅਪਰੈਲ, (ਪੋਸਟ ਬਿਊਰੋ)- ਆਪਣੀ ਘਟੀਆ ਹਰਕਤਾਂ ਨਾਲਯੂ ਪੀ ਪੁਲਿਸ ਨੂੰ ਕਈ ਵਾਰ ਸ਼ਰਮਸ਼ਾਰ ਹੋਣਾ ਪੈਂਦਾ ਹੈ। ਇਸ ਵਾਰ ਫਿਰ ਇਕ ਕੇਸ ਸ਼ਾਮਲੀ-ਮੁੱਜਫ਼ਰਨਗਰ ਵਿਖੇ ਪਤਾ ਲੱਗਾ ਹੈ।

ਇੱਕ ਸਿੱਖ ਟਰੱਕ ਡਰਾਈਵਰ ਨੇ ਦੋਸ਼ ਲਾਇਆ ਹੈ ਕਿ ਪੁਲਿਸ ਨੇ ਉਸ ਦੀ ਦਾੜ੍ਹੀ ਖਿੱਚੀ ਤੇ ਫਿਰ ਜਦੋਂ ਪੁਲਿਸ ਵਾਲਿਆਂ ਨੇ ਵਰਦੀ ਦਾ ਰੋਹਬ ਵਿਖਾਉਣ ਦੀ ਕੋਸ਼ਿਸ਼ ਕੀਤੀ, ਪਰ ਜਦੋਂਉਸ ਨੇ ਤਲਵਾਰ ਕੱਢ ਕੇ ਧਮਕੀ ਦਿੱਤੀ ਕਿ ਇਸ ਦੇ ਬਾਅਦ ਕੋਈ ਉਸ ਦੀ ਦਾੜ੍ਹੀ ਨੂੰ ਹੱਥ ਪਾਵੇ ਤਾਂ ਪੁਲਿਸ ਵਾਲਿਆਂ ਨੂੰ ਭਾਜੜ ਪੈ ਗਈ।ਇਹ ਵੀਡੀਓ ਸੋਸ਼ਲ ਮੀਡੀਆ ਉੱਤੇ ਕਾਫ਼ੀ ਵਾਇਰਲ ਹੋ ਰਹੀ ਹੈ, ਜਿਸ ਵਿੱਚ ਨਜ਼ਰ ਆ ਰਿਹਾ ਹੈ ਕਿ ਦੋ ਟਰੱਕ ਚਾਲਕ ਅਤੇ ਉੱਤਰ ਪ੍ਰਦੇਸ਼ ਦੇ ਪੁਲਿਸ ਵਾਲਿਆਂ ਦੀ ਬਹਿਸ ਹੋ ਰਹੀ ਹੈ। ਇਸ ਮੌਕੇ ਪੁਲਿਸ ਵੱਲੋਂ ਦਾੜ੍ਹੀ ਨੂੰ ਹੱਥ ਪਾਉਣ ਦੀ ਗੱਲ ਉੱਤੇ ਸਿੱਖ ਨੌਜਵਾਨ ਗੁੱਸੇ ਵਿੱਚ ਟਰੱਕ ਅੰਦਰ ਪਈ ਤਲਵਾਰ ਕੱਢਦਾ ਤੇ ਹਵਾ ਵਿੱਚ ਲਹਿਰਾ ਕੇ ਪੁਲਿਸ ਵਾਲਿਆਂ ਉੱਤੇ ਭਾਰੂ ਪੈ ਜਾਂਦਾ ਹੈ। ਦੱਸਿਆ ਗਿਆ ਹੈ ਕਿ ਟਰੱਕ ਡਰਾਈਵਰ ਨੇ ਪੁਲਿਸ ਦੀ ਗੱਡੀ ਨੂੰ ਅੱਗੇ ਨਿਕਲਣ ਲਈ ਥਾਂ ਨਹੀਂ ਸੀ ਦਿੱਤੀ, ਜਿਸ ਕਾਰਨ ਪੁਲਿਸ ਨੇ ਟਰੱਕ ਚਾਲਕ ਨੂੰ ਰੋਕ ਕੇ ਬਹਿਸ ਕੀਤੀ। ਫਿਰ ਦੋਵਾਂ ਸਿੱਖ ਨੌਜਵਾਨਾਂ ਨੂੰ ਪੁਲਿਸ ਥਾਣੇ ਲੈ ਗਈ ਸੀ।

# ਸੱਚਾ ਸੌਦਾ ਡੇਰੇ ਵੱਲੋਂ ਵੋਟਾਂ ਪਵਾਉਣ ਦੇ ਵਿਰੱਧ ਚੋਣ ਕਮਿਸ਼ਨ ਨੂੰ ਸ਼ਿਕਾਇਤ

ਚੰਡੀਗੜ੍ਹ, 9 ਅਪਰੈਲ, (ਪੋਸਟ ਬਿਊਰੋ)- ਡੇਰਾ ਸੱਚਾ ਸੌਦਾ ਸਿਰਸਾ ਦੇ ਰਾਜਸੀ ਵਿੰਗ ਦੀਆਂ ਪੰਜਾਬ ਦੇ ਮਾਲਵਾ ਖੇਤਰ ਵਿਚ ਚੋਣ ਸਰਗਰਮੀਆਂ ਦਾ ਮੁੱਦਾ ਅੱਜ ਚੋਣ ਕਮਿਸ਼ਨ ਕੋਲ ਚਲਾ ਗਿਆ ਹੈ। ਪੰਜਾਬ ਪੁਲਿਸ ਦੇ ਇਕ ਸੇਵਾ ਮੁਕਤ ਸਬ-ਇੰਸਪੈਕਟਰ ਤੇ ਸਾਲ 1973 ਤੋਂ 2007 ਤਕ ਇਸ ਡੇਰੇ ਦੇ ਅਹਿਮ ਮੈਂਬਰ ਰਹੇ ਸੁਖਵਿੰਦਰ ਸਿੰਘ (73 ਸਾਲ) ਨੇ ਚੋਣ ਕਮਿਸ਼ਨ ਨੂੰ ਇਸ ਬਾਰੇ ਇੱਕ ਸ਼ਿਕਇਤ ਭੇਜ ਦਿੱਤੀ ਹੈ।

ਰਿਟਾਇਰਡ ਸਬ ਇੰਸਪੈਕਟਰ ਸੁਖਵਿੰਦਰ ਸਿੰਘ ਨੇ ਭਾਰਤ ਦੇ ਚੋਣ ਕਮਿਸ਼ਨ, ਪੰਜਾਬ ਦੇ ਮੁੱਖ ਚੋਣ ਅਧਿਕਾਰੀ, ਭਾਰਤ ਦੇ ਚੀਫ਼ ਜਸਟਿਸ ਅਤੇ ਪੰਜਾਬ ਹਰਿਆਣਾ ਹਾਈ ਕੋਰਟ ਦੇ ਚੀਫ਼ ਜਸਟਿਸ ਨੂੰ ਭੇਜੀ ਸ਼ਿਕਾਇਤ ਵਿੱਚ ਇਸ ਡੇਰੇ ਦੇ ਪੈਰੋਕਾਰ ਵੋਟਰਾਂ ਨੂੰ ਡੇਰੇ ਦੀ ਮਰਜ਼ੀ ਮੁਤਾਬਕ ਵੋਟਾਂ ਪਾਉਣ ਲਈ ਵਰਗਲਾਉਣ ਦੇ ਦੋਸ਼ ਲਾਏ ਹਨ। ਇਸ ਕਾਰਵਾਈ ਨੂੰ ਭਾਰਤੀ ਦੰਡ ਕਾਨੂੰਨ ਦੀ ਧਾਰਾ 171-ਸੀ, ਲੋਕ ਪ੍ਰਤੀਨਿਧਤਾ ਐਕਟ 1951 ਦੀ ਧਾਰਾ 123(3) ਤੇ ਅਨੁਸੂਚਿਤ ਜਾਤੀ ਤੇ ਅਨੁਸੂਚਿਤ ਕਬੀਲਿਆਂ ਉੱਤੇ ਜ਼ੁਲਮ ਰੋਕੂ ਕਾਨੂੰਨ ਸਣੇ ਭਾਰਤੀ ਦੰਡ ਕਾਨੂੰਨ ਦੀ ਧਾਰਾ 120 ਬੀ ਹੇਠ ਕਾਨੂੰਨੀਜੁਰਮ ਹੋਣ ਦਾ ਦਾਅਵਾ ਕੀਤਾ ਗਿਆ ਹੈ। ਇਸ ਸ਼ਿਕਾਇਤ ਮੁਤਾਬਕ ਬਲਾਤਕਾਰ ਅਤੇ ਕਤਲ ਦੇ ਕੇਸਾਂ ਵਿਚ ਸਜ਼ਾ ਭੁਗਤ ਰਿਹਾ ਗੁਰਮੀਤ ਰਾਮ ਸਿੰਘ ਜੇਲ ਵਿੱਚੋਂ ਅਪਣੇ ਰਿਸ਼ਤੇਦਾਰਾਂ ਤੇ ਵਕੀਲਾਂ ਰਾਹੀਂ ਵੋਟਾਂ ਪਾਉਣ ਦੇ ਹੁਕਮ ਭੇਜ ਰਿਹਾ ਹੈ, ਜਦ ਕਿਕਿਸੇ ਵੀ ਡੇਰੇ ਦੀ ਮਰਜ਼ੀ ਜਾਂ ਕਿਸੇ ਵਿਅਕਤੀ ਵਿਸ਼ੇਸ਼ ਦੀ ਮਰਜ਼ੀ ਮੁਤਾ-ਬਕ ਆਮ ਲੋਕਾਂ ਅਤੇ ਡੇਰਾ ਪ੍ਰੇਮੀਆਂ ਨੂੰ ਵੋਟ ਪਾਉਣ ਨੂੰ ਕਹਿਣਾ, ਧਮਕਾਉਣਾ ਜਾਂ ਮਜਬੂਰ ਕਰਨਾ ਕਾਨੂੰਨ ਮੁਤਾਬਕ ਆਜ਼ਾਦ ਚੋਣ ਵਿਚ ਦਿੱਤਾ ਗਿਆ ਸਿੱਧਾ ਦਖ਼ਲ ਹੈ। ਉਨ੍ਹਾਂ ਮੁਤਾਬਕ ਡੇਰੇ ਦੇ ਰਾਜਸੀ ਵਿੰਗ ਦਾ ਚੇਅਰਮੈਨ ਬਰਨਾਲਾ ਦੇ ਪਿੰਡ ਅਸਪਾਲ ਕਲਾਂ ਦਾ ਰਾਮ ਸਿੰਘ (25 ਅਗਸਤ 2017 ਦੇ ਪੰਚਕੂਲਾ ਹਿੰਸਾ ਕੇਸਤੋਂ ਜ਼ਮਾਨਤ ਉੱਤੇ ਬਾਹਰ), ਸੀਨੀਅਰ ਵਾਈਸ ਚੇਅਰਮੈਨ ਜਗਜੀਤ ਸਿੰਘ (ਪੰਚਕੂਲਾਦੇ ਓਸੇ ਹਿੰਸਾ ਕੇਸ ਵਿੱਚਵਾਂਟਿਡ) ਤੇਪਿੰਡ ਨੰਗਲ ਕਲਾਂ,ਮਾਨਸਾ ਦਾ ਪਰਮਜੀਤ ਸਿੰਘ ਅਤੇ ਬੁਢਲਾਡਾ ਦਾ ਸੂਰਜਪਾਲ ਪੁੱਤਰ ਆਸ਼ਾ ਰਾਮ (ਦੋਵੇਂ ਜ਼ਮਾਨਤ ਉੱਤੇ ਬਾਹਰ)ਤੇ ਪੰਚਕੂਲਾ ਹਿੰਸਾ ਕੇਸ ਵਿੱਚ ਭਗੌੜੀ ਐਲਾਨੀ ਗਈ ਡੇਰਾ ਸੱਚਾ ਸੌਦਾ ਦੀ ਚੇਅਰਪਰਸਨ ਵਿਪਾ-ਸਨਾ ਇੰਸਾਂ, ਡੇਰੇ ਦੀ ਅਸਥਾਈ ਚੇਅਰਪਰਸਨ ਸ਼ੋਭਾ, ਰਾਣੀ ਰਾਮ ਰਹੀਮ ਦਾ ਜਵਾਈ ਡਾਕਟਰ ਸ਼ਾਨ-ਏ-ਮੀਤ, ਖ਼ੁਦ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਤੇ ਹੋਰ ਪਰਵਾਰਕ ਮੈਂਬਰਾਂ ਇਸ ਵਿੱਚ ਸ਼ਾਮਲ ਤੇ ਰਾਜਸੀ ਵਿੰਗ ਦੇ ਸਰਗਰਮ ਮੈਂਬਰ ਸਨ।ਸ਼ਿਕਾਇਤ ਵਿੱਚ ਮੰਗ ਕੀਤੀ ਗਈ ਹੈ ਕਿ ਡੇਰੇ ਦੇ ਰਾਜਸੀ ਵਿੰਗ ਦੇ ਖਿਲਾਫ਼ ਕਾਰਵਾਈ ਕੀਤੀ ਜਾਵੇ ਤੇ ਅਜਿਹਾ ਨਾ ਹੋਣ ਦੀ ਸੂਰਤ ਵਿਚ ਸ਼ਿਕਾਇਤ ਕਰਤਾ ਅਦਾਲਤ ਵਿੱਚ ਕੇਸ ਕਰਨ ਲਈ ਮਜਬੂਰ ਹੋਵੇਗਾ।

# ਬੀਫ ਵੇਚਣ ਦੇ ਸ਼ੱਕ ਹੇਠ ਭੀੜ ਨੇ ਅਸਾਮ ਵਿੱਚ ਬਜ਼ੁਰਗ ਕੁੱਟਿਆ, ਜ਼ਬਰੀ ਮਾਸ ਖੁਆਇਆ

ਬਿਸਵਾਨਾਥ ਚਰਿਆਲੀ (ਆਸਾਮ), 9 ਅਪਰੈਲ, (ਪੋਸਟ ਬਿਊਰੋ)- ਇਕ ਵਾਰ ਫਿਰ ਭੜਕੀ ਭੀੜ ਨੇ ਇਕ ਮੁਸਲਿਮ ਨੂੰ ਹਿੰਸਾ ਦਾ ਸ਼ਿਕਾਰ ਬਣਾਇਆ ਹੈ।ਇਹ ਘਟਨਾ ਅਸਾਮ ਦੇ ਬਿਸਵਨਾਥ ਚਰਿਆਲੀ ਵਿੱਚ ਵਾਪਰੀ ਹੈ।

ਮਿਲੀ ਜਾਣਕਾਰੀ ਅਨੁਸਾਰ ਸ਼ੌਕਤ ਅਲੀ ਨਾਂ ਦੇ ਵਿਅਕਤੀ ਨੂੰ ਭੀੜ ਨੇ ਸਿਰਫ਼ ਇਸ ਲਈ ਕੁੱਟਿਆ ਕਿ ਉਸ ਉੱਤੇ ਬੀਫ ਵੇਚਣ ਦਾ ਸ਼ੱਕ ਸੀ। ਭੜਕੀ ਭੀੜ ਨੇ ਸ਼ੌਕਤ ਅਲੀ ਨੂੰ ਉਸ ਦੀ ਨਾਗਰਿਕਤਾ ਬਾਰੇਸਵਾਲ ਵੀ ਕੀਤੇ ਅਤੇ ਇਹ ਵੀ ਪੁੱਛਿਆ ਕਿ ਉਹ ਬੰਗਲਾਦੇਸ਼ੀ ਹੈ ਜਾਂ ਭਾਰਤੀ ਅਤੇਜੇ ਭਾਰਤੀ ਹੈ ਤਾਂ ਉਸ ਦਾ ਨਾਂ ਐੱਨ ਆਰਸੀ(ਨੈਸ਼ਨਲ ਸਿਟੀਜ਼ਨਜ਼ ਰਜਿਸਟਰ) ਵਿੱਚ ਦਰਜ ਹੈ ਜਾਂ ਨਹੀਂ। ਗੱਲ ਇੱਥੇ ਨਹੀਂ ਰੁਕੀ, ਉਸ ਨੂੰ ਜ਼ਬਰਦਸਤੀ ਸੂਰ ਦਾ ਗੋਸ਼ਤ ਖੁਆਇਆ ਗਿਆ। ਸਥਾਨਕ ਪੁਲਿਸਮੁਤਾਬਕ 68 ਸਾਲਾ ਸ਼ੌਕਤ ਅਲੀ ਪਿਛਲੇ 35 ਸਾਲਾਂ ਤੋਂ ਉਥੇ ਆਪਣਾ ਕੰਮ ਕਰ ਰਿਹਾ ਹੈ। ਭੀੜ ਨੇ ਦੋਸ਼ ਲਾਇਆ ਹੈ ਕਿ ਸ਼ੌਕਤ ਹਫ਼ਤਾਵਾਰੀ ਬਾਜ਼ਾਰ ਵਿੱਚ ਬੀਫ ਵੇਚਦਾ ਸੀ। ਇਸ ਪੂਰੇ ਘਟਨਾਕ੍ਰਮ ਦੀ ਵੀਡੀਓ ਸੋਸ਼ਲ ਮੀਡੀਆ ਉੱਤੇ ਵਾਇਰਲ ਹੋ ਗਈ ਹੈ। ਵੀਡੀਓ ਵਿੱਚਕੁਝ ਲੋਕਾਂ ਨੂੰ ਸ਼ੌਕਤ ਅਲੀ ਨਾਲ ਜ਼ਬਰਦਸਤੀ ਕਰਦੇ ਅਤੇ ਉਸ ਨੂੰ ਮਾਸ

### * ਆਸਾਮ ਵਿੱਚ ਬੀਫ ਉੱਤੇ ਪਾਬੰਦੀ ਹੀ ਨਹੀਂ



ਖੁਆਉਂਦੇ ਵੀ ਦੇਖਿਆ ਜਾਂਦਾ ਹੈ। ਪੂਰੀ ਘਟਨਾ 7 ਅਪ੍ਰੈਲ ਦੀ ਦੱਸੀ ਗਈ ਹੈ। ਇਸ ਦੌਰਾਨ ਸ਼ੌਕਤ ਅਲੀ ਨੂੰ ਸੱਟਾਂ ਵੀ ਲੱਗੀਆਂ ਤੇ ਉਸ ਨੂੰ ਹਸਪਤਾਲਦਾਖ਼ਲ ਕਰਾਇਆ ਗਿਆ ਹੈ। ਘਟਨਾ ਤੋਂ ਬਾਅਦ ਪੂਰੇ ਇਲਾਕੇ ਵਿੱਚ ਤਣਾਅ ਦਾ ਮਾਹੌਲ ਹੈ। ਅਸਾਮ ਪੁਲਿਸ ਨੇ ਇਸ ਬਾਰੇਕੇਸ ਦਰਜ ਕਰ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲਿਸ ਨੇ ਟਵੀਟ ਕਰ ਕੇ ਇਸ ਘਟਨਾ ਦੀ ਪੁਸ਼ਟੀ ਕੀਤੀ ਅਤੇ ਕਿਹਾ ਕਿ ਬਿਸਵਨਾਥ ਥਾਣੇ ਵਿੱਚਕੇਸ ਦਰਜ ਕਰ ਲਿਆ ਹੈ। ਹੈਰਾਨੀ ਦੀ ਗੱਲ ਹੈ ਕਿ ਅਸਾਮ ਵਿਚ ਬੀਫ ਉੱਤੇ ਬੈਨ ਹੀ ਨਹੀਂ, ਸਿਰਫ਼ 15 ਸਾਲ ਤੋਂਵੱਧ ਉਮਰ ਦੇ ਪਸ਼ੂਆਂ ਨੂੰ ਰਾਜ ਸਰਕਾਰ ਤੋਂ ਮਨਜ਼ੂਰੀ ਨਾਲਸਲਾਟਰ ਹਾਊਸ ਲਿਆਂਦਾ ਜਾ ਸਕਦਾ ਹੈ।

ਕੁੱਲ ਹਿੰਦ ਮੁਸਲਿਮ ਇਤਹਾਦੁਲ ਮੁਸਲਮੀਨ ਦੇ ਮੁਖੀ ਤੇ ਪਾਰਲੀਮੈਂਟ ਮੈਂਬਰ ਅਸਦੁਦੀਨ ਓਵੈਸੀ ਨੇ ਇਸ ਤਰ੍ਹਾਂ ਦੀ ਘਟਨਾ ਉੱਤੇ ਟਵੀਟ ਕੀਤਾ ਹੈ, 'ਮੈਂ ਅਜਿਹੇ ਕਈ ਲੋਕਾਂ ਨੂੰ ਜਾਣਦਾ ਹਾਂ, ਜੋ ਪਿਛਲੇ ਪੰਜ ਸਾਲਾਂ ਵਿੱਚ ਵਧਦੀ ਲਿਚਿੰਗ ਦੀਆਂ ਘਟਨਾਵਾਂ ਉੱਤੇ ਸੰਵੇਦਨਹੀਣ ਹੋ ਗਏ ਹਨ,ਅਜਿਹਾ ਹਰ ਵੀਡੀਓ ਮੈਨੂੰ ਦੁੱਖ ਦਿੰਦਾ ਹੈ। ਇਸ ਦਾ ਕੋਈ ਮਤਲਬ ਨਹੀਂ ਕਿ ਅਸਾਮ ਵਿੱਚ ਬੀਫ ਗੈਰਕਾਨੂੰਨੀ ਹੈ, ਕਿਸੇ ਬਜ਼ੁਰਗ ਨੂੰ ਇੰਝ ਕੁੱਟਣਾ ਵੀ ਤਾਂ ਪੂਰੇ ਦੇਸ਼ ਵਿੱਚ ਕਾਨੂੰਨੀ ਹੈ।'

# ਨਾਜਾਇਜ਼ ਮਾਈਨਿੰਗ ਬਾਰੇ ਢਿੱਲ ਦੇ ਦੋਸ਼ ਵਿੱਚ ਆਂਧਰਾ ਸਰਕਾਰ ਉੱਤੇ 100 ਕਰੋੜ ਦਾ ਜੁਰਮਾਨਾ

ਨਵੀਂ ਦਿੱਲੀ, 8 ਅਪ੍ਰੈਲ (ਪੋਸਟ ਬਿਊਰੋ)- ਨੈਸ਼ਨਲ ਗ੍ਰੀਨ ਟ੍ਰਿਬਿਊਨਲ (ਐਨ ਜੀ ਟੀ) ਨੇ ਆਂਧਰਾ ਪ੍ਰਦੇਸ਼ ਸਰਕਾਰ 'ਤੇ ਇਸ ਰਾਜ ਵਿੱਚ ਰੇਤ ਦੀ ਨਾਜਾਇਜ਼ ਮਾਈਨਿੰਗ ਰੋਕਣ ਵਿੱਚ ਢਿੱਲ ਵਰਤਣ 'ਤੇ 100 ਕਰੋੜ ਰੁਪਏ ਅੰਤ੍ਰਿਮ ਜੁਰਮਾਨਾ ਲਾਇਆ ਹੈ। ਐਨ ਜੀ ਟੀ ਦੇ ਚੇਅਰਮੈਨ ਜਸਟਿਸ ਆਦਰਸ਼ ਕੁਮਾਰ ਗੋਇਲ ਦੀ ਅਗਵਾਈ ਵਾਲੇ ਬੈਂਚ ਨੇ ਆਂਧਰਾ ਪ੍ਰਦੇਸ਼ ਦੇ ਮੁੱਖ ਸਕੱਤਰ ਨੂੰ ਗੈਰ ਕਾਨੂੰਨੀ ਰੇਤ ਮਾਈਨਿੰਗ ਰੋਕਣ ਦਾ ਨਿਰਦੇਸ਼ ਦਿੱਤਾ ਤੇ ਕਿਹਾ ਕਿ ਇਹ ਸਰਕਾਰ ਦਾ ਫਰਜ਼ ਹੈ ਕਿ ਜਨਤਾ ਦੀ ਰਾਖੀ ਕਰਨ ਲਈ ਵੱਡੇ ਪੱਧਰ 'ਤੇ ਕੁਦਰਤੀ ਸਰੋਤਾਂ ਨੂੰ ਪੂਰੀ ਸੁਰੱਖਿਆ ਪ੍ਰਦਾਨ ਕਰੇ। ਇਸ ਸੰਬੰਧ ਵਿੱਚ ਬੈਂਚ ਨੇ ਕਿਹਾ ਕਿ ਇਥੋਂ ਤੱਕ ਕਿ ਲੋਕ ਭਲਾਈ ਕੰਮਾਂ ਲਈ ਮੁਫਤ ਰੇਤ ਦੇਣ ਦੀ ਨੀਤੀ ਤਹਿਤ ਵੀ ਨਾਜਾਇਜ਼ ਮਾਈਨਿੰਗ ਅਤੇ ਉਸ ਕਾਰਨ ਵਾਤਾਵਰਨ 'ਤੇ ਪੈਂਦੇ ਅਸਰ ਮਾੜੇ ਪ੍ਰਭਾਵ ਨੂੰ ਸਹੀ ਨਹੀਂ ਕਿਹਾ ਜਾ ਸਕਦਾ। ਜੇ ਮਾਈਨਿੰਗ ਨਾਲ ਨੁਕਸਾਨ ਪੁੱਜਦਾ ਹੈ ਤਾਂ ਇੰਜ ਕਰਨ ਵਾਲਿਆਂ ਤੋਂ ਜੁਰਮਾਨਾ ਵਸੂਲ ਕਰਨਾ ਚਾਹੀਦਾ ਹੈ। ਅਧਿਕਾਰੀ ਇਸ ਬਾਰੇ ਕਾਨੂੰਨ ਦੇ ਤਹਿਤ ਨੁਕਸਾਨ ਵੇਲੇ ਆਪਣੇ ਕਰਤੱਵ ਤੋਂ ਬਚ ਨਹੀਂ ਸਕਦੇ। ਸਾਡੀ ਅਗਲੀ ਪੀੜ੍ਹੀ ਲਈ ਉਨ੍ਹਾਂ ਦੀ ਇਹ ਜ਼ਿੰਮੇਵਾਰੀ ਹੈ। ਟ੍ਰਿਬਿਊਨਲ ਨੇ ਸੂਬਾ ਸਰਕਾਰ ਇਕ ਮਹੀਨੇ ਅੰਦਰ ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ 100 ਕਰੋੜ ਰੁਪਏ ਵਾਤਾਵਰਨ ਮੁਆਵਜ਼ਾ ਜਮ੍ਹਾਂ ਕਰਵਾਉਣ ਦਾ ਨਿਰਦੇਸ਼ ਦਿੱਤਾ ਹੈ।

# ਇਨਕਮ ਟੈਕਸ ਛਾਪਿਆਂ ਦਾ ਚੋਣ ਕਮਿਸ਼ਨ ਵੱਲੋਂ ਸਖਤ ਨੋਟਿਸ

### * ਸਿੱਧੇ ਟੈਕਸਾਂ ਬਾਰੇ ਬੋਰਡ ਦਾ ਮੁਖੀ ਤਲਬ ਕਰ ਲਿਆ




ਨਵੀਂ ਦਿੱਲੀ, 9 ਅਪਰੈਲ, (ਪੋਸਟ ਬਿਊਰੋ)- ਮੱਧ ਪ੍ਰਦੇਸ਼ ਦੇ ਕਾਂਗਰਸੀ ਮੁੱਖ ਮੰਤਰੀ ਕਮਲਨਾਥ ਦੇ ਸਾਬਕਾ ਓ ਐੱਸਡੀ (ਆਫੀਸਰ ਆਨ ਸਪੈਸ਼ਲ ਡਿਊਟੀ) ਪ੍ਰਵੀਨ ਕੱਕੜ ਅਤੇ ਹੋਰਨਾਂ ਤੋਂ ਇਲਾਵਾ ਆਂਧਰਾ ਪ੍ਰਦੇਸ਼ ਅਤੇ ਤਾਮਿਲਨਾਡੂ ਵਿੱਚ ਸਿਆਸੀ ਆਗੂਆਂਦੇ ਘਰਾਂ ਨੂੰ ਨਿਸ਼ਾਨਾ ਬਣਾ ਕੇ ਆਮਦਨ ਟੈਕਸ ਵਿਭਾਗ ਵੱਲੋਂ ਛਾਪੇ ਮਾਰ ਜਾਣ ਦੇ ਬਾਅਦ ਇਸ ਉੱਤੇ ਰਾਜਨੀਤੀ ਤੇਜ਼ ਹੋ ਗਈ ਹੈ। ਕਾਂਗਰਸ ਪਾਰਟੀ ਵੱਲੋਂ ਲਾਏ ਗਏ ਦੋਸ਼ਾਂ ਤੋਂ ਬਾਅਦ ਚੋਣ ਕਮਿਸ਼ਨ ਨੇ ਸੈਂਟਰਲ ਬੋਰਡ ਆਫ਼ ਡਾਇਰੈਕਟ ਟੈਕਸਿਜ਼ (ਸੀ ਬੀ ਡੀ ਟੀ) ਦੇ ਚੇਅਰਮੈਨ ਨੂੰ ਤਲਬ ਕਰ ਲਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਚੋਣ ਕਮਿਸ਼ਨ ਦੇ ਸੱਦੇ ਉੱਤੇ ਰੈਵੇਨਿਊ ਸੈਕਟਰੀ ਏਬੀ ਪਾਂਡੇ ਅਤੇ ਸੀਬੀਡੀਟੀ ਦੇ ਚੇਅਰਮੈਨ ਪੀਸੀ ਮੋਦੀ ਅੱਜ ਚੋਣ ਕਮਿਸ਼ਨ ਦੇ ਦਫ਼ਤਰ ਗਏਤੇ ਛਾਪਿਆਂ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਦੱਸਿਆ ਗਿਆ ਕਿ ਇਨ੍ਹਾਂ ਛਾਪਿਆਂ ਵਿੱਚ ਕੀ ਮਿਲਿਆ ਹੈ। ਕਾਂਗਰਸ ਨੇ ਦੋਸ਼ ਲਾਇਆ ਹੈ ਕਿ ਛਾਪੇ ਕੇਂਦਰ ਸਰਕਾਰ ਦੇ ਇਸ਼ਾਰੇਉੱਤੇਵੱਜ ਰਹੇ ਹਨ। ਵਰਨਣ ਯੋਗ ਹੈ ਕਿ ਚੋਣ ਕਮਿਸ਼ਨ ਨੇ ਬੀਤੇ ਐਤਵਾਰ ਵਿੱਤ ਵਿਭਾਗ ਨੂੰ ਕਿਹਾ ਸੀ ਕਿ ਚੋਣਾਂ ਦੌਰਾਨ ਏਦਾਂ ਦੀ ਛਾਪੇਮਾਰੀ ਪੂਰੀ ਤਰ੍ਹਾਂ ਨਿਰਪੱਖ ਹੋਵੇ ਤੇਚੋਣ ਕਮਿਸ਼ਨ ਨੂੰ ਏਦਾਂ ਦੇ ਐਕਸ਼ਨ ਦੀ ਸੂਚਨਾ ਦਿੱਤੀ ਜਾਏ। ਭਾਰਤ ਵਿੱਚ ਚੋਣ ਜ਼ਾਬਤਾ ਲਾਗੂ ਹੋਣ ਪਿੱਛੋਂ ਆਮਦਨ ਟੈਕਸ ਵਿਭਾਗ ਤਿੰਨ ਰਾਜਾਂ ਦੇ ਆਗੂਆਂ ਉੱਤੇ ਛਾਪੇ ਮਾਰ ਰਿਹਾ ਹੈ। ਇਸ ਤੋਂ ਬਾਅਦ ਵਿਰੋਧੀ ਧਿਰਾਂ ਨੇ ਸਰਕਾਰ ਉੱਤੇ ਜਾਂਚ ਏਜੰਸੀਆਂ ਦੀ ਦੁਰਵਰਤੋਂ ਦਾ ਸਿੱਧਾ ਦੋਸ਼ ਲਾਇਆ ਹੈ।








Paramjit Deol CELL: 416-993-7378
Broker 7071 Airport Rd, Suit 201, Mississauga, ON

1. For top dollars, fast sale, Call Paramjit Deol
2. New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage*
Tel:905-405-8484
www.paramjitdeol.com
Email: pdeol3@yahoo.ca



Your neighborhood broker, Call Paramjit Deol Today

TORONTO $6.99/Sq Ft

22 Arrow Rd 1: Rear Freestanding Building, Approx. 7,000 Sq Ft, Zoning Allows For Industrial, Retail & Outside Storage. Currently Operating As A Furniture Store. Located In High Demand Area.

Chatham-Kent $85,000

2 Chittim Rd 408 : Excellent Opportunity For Investors & 1st Time Buyers, Excellent Location, Low Maintenance, Close To Downtown & To Hwy 401, Currently Tenanted Property, Low Maintenance Fee.

TORONTO $140,000

45 Four Winds Dr : Pizza Store For Sale In A Busy Mall Steps To York University, Tons Of Foot Traffic, Walking Distance From Kids Schools, Residential Apartments/ Condos Minutes Away.

BRAMPTON $169,900
Photo Not Available
537 Van Kirk Dr 110 : Turn Key Operation, Well-Established Pets Pizzeria, No Franchise Fees Or Royalty, Low Rent Of $2,700. Situated In A good Neighborhood, Sales Of $30,000 Per Month.

BRAMPTON $195,900
Photo Not Available
2070 Steeles Ave 18: Turn Key Operation, Well Established Truck Repair Shop, Located In Brampton. Be Your Own Boss Today. Situated On A Very Busy Street With Tons Of Trucks Passing By Daily, Great Clientele, Sales Are $55,000 Per Month As Per Seller.

BRAMPTON $199,900
Photo Not Available
8770 The Gore Rd 6 : Turn Key Operation, Well Established Sri Lankan & South Indian Restaurant, Be Your Own Boss Today, Situated In A Very Busy Plaza, Surrounded By Thousands Of Homes, High Traffic Flow.

BRAMPTON $199,000

25 Cherrycrest Dr: Excellent Chance To Be Your Own Boss. Well Established Pizza Fresh, Lots Of $$ Spent On Upgrades, Great Location, Very Low Rent. Developing Area With Lots Of Money Making Opportunity, Sales Are $55,000 Per Month

BRAMPTON $369,000

15 Brisdale Dr 7&8 : ਹੱਥੋ ਲੰਘ ਗਿਆ ਸਮਾਂ ਵਾਪਿਸ ਨਹੀ ਆਉਣਾ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ,ਬਹੁਤ ਹੀ ਵਧੀਆ ਚਲ ਰਹੀ ਬਾਰ/ਪੱਬ ਵਿਕਾਊ ਹੈ। ਬਹੁਤ ਹੀ ਬਿਜ਼ੀ ਪਲਾਜ਼ਾ ਅਤੇ ਆਮਦਨ $70,000/ਮਹੀਨਾ, ਆਦਿ।

TORONTO $309,000

320 Dixon Rd 1715: Oversized Large Spacious 3 Bedroom Apartment With 2 Washrooms Beautifully Maintained. Many Upgrades To The Common Elements Of This Building , Very Desirable Neighbourhood To Live In Or Invest.

BRAMPTON $349,000
SUBWAY eat fresh.
3024 Hurontario St G7 : Well Established. Turn Key Operation Subway Franchise, Be Your Own Boss Today, Located In A High Density Intersection, High Volume Traffic Flow, Sales Are $32,000.

BRAMPTON $449,000

315 Royal West Dr F & G : Be Your Own Boss Today! Opportunity To Own A Known Fitness Franchise "Anytime Fitness" Located In Brampton West, Newer Plaza, 750 Members & Growing, All New Equipment. Sales Are $30,000/Month,

MISSISSAUGA $469,000
Photo Not Available
349 Rathburn Rd W 1601: First Time Buyers & Investors Assignment Sale New Condo Project Located Just Few Minutes From Square One, Sheridan College, Movie Theater, Go Bus Terminal, Hey 403, Library, Restaurants And Many More Amenities.

BRAMPTON $469,000
Photo Not Available
537 Van Kirk Dr 110: For sale Please call 905-405-8484

BRANTFORD $525,000

118&120 Morrell St: Great Investment With Great Income!!! Located In Brantford , Total Space Of 4,000 Sq Ft. 2,000 Sq Ft Of Storefront & 4 One Bedroom Apartments. All Are Currently Leased.

MISSISSAUGA $629,000
Photo Not Available
7680 Benavon Rd: Beautifully Kept Semi-Detached Home In One Of Malton's Prime Areas. Large 3 Bedrooms On 2nd Floor, Basement Is Finished With Separate Entrance. Excellent Opportunity For Investors.

BRAMPTON $779,000

9 Loftsmoor Dr: Immaculate Semidetached Corner Lot With Lots Of Sunshine All Year Around, Plus An Over Sized Backyard, Gleaming Hardwood Floors & Upgraded Washrooms. Must See

*Canadian punjabi post assumes no responsibility for the accuracy of any information shown. Copyright Ppost 2019

# ਤਾਂਸ਼ ਦੇ ਮੁਕਾਬਲੇ 13 ਨੂੰ

ਤਾਂਸ਼ (ਸਵੀਪ ) ਦੇ ਮੁਕਾਬਲੇ ਕਰਵਾਉਣ ਲਈ ਤਾਂਸ਼ ਟੂਰਨਾਂਮੈਂਟ ਦੇ ਪਰਬੰਧਕਾਂ ਵਲੋਂ ਜਾਣਕਾਰੀ ਦਿਤੀ ਗਈ ਕਿ ਵੈਸਾਖੀ ਮਨਾਉਣ ਹਿੱਤ 13 ਅਪ੍ਰੈਲ 2019 ਸ਼ਨਿਚਰਵਾਰ ਨੂੰ 2250 bovaired drive brampton ( bovaired and sunny meadow corner ) ਵਿਖੇ ਸਵੀਪ ਦੇ ਮੈਚ ਕਰਵਾਏ ਜਾਣਗੇ । ਐਂਟਰੀਆਂ 11.00 ਤੋਂ 11.30 ਵਜੇ ਤਕ ਹੋਣਗੀਆਂ ਅਤੇ ਸਹੀ 12 ਵਜੇ ਮੈਚ ਸ਼ੁਰੂ ਹੋ ਜਾਣਗੇ । ਐਂਟਰੀ ਫੀਸ 10 ਡਾਲਰ ਹੋਵੇਗੀ । ਚਾਹ ਪਾਣੀ ਦਾ ਪੂਰਾ ਪ੍ਰਬੰਧ ਹੋਵੇਗਾ ਅਤੇ ਜੇਤੂ ਖਿਡਾਰੀਆਂ ਨੂੰ ਟਰਾਫੀਆਂ ਅਤੇ ਨਕਦ ਇਨਾਮ ਦਿਤੇ ਜਾਣਗੇ। ਸਵੀਪ ਦੇ ਸਾਰੇ ਖਿਡਾਰੀਆਂ ਨੂੰ ਮੁਕਾਬਲਿਆਂ ਵਿਚ ਭਾਗ ਲੈਣ ਲਈ ਖੁਲਾ ਸਦਾ ਦਿਤਾ ਜਾਂਦਾ ਹੈ ਜੀ । ਇਸ ਸਬੰਧ ਵਿਚ ਹੋਰ ਜਾਣਕਾਰੀ ਲਈ ਤਰਸੇਮ ਸਿੰਘ ਜੋਹਲ ( 647 766 1477 ) ਅਤੇ ਦੀਪਾ (647 702 6697 ) ਨਾਲ ਸੰਪਰਕ ਕੀਤਾ ਜਾ ਸਕਦਾ ਹੈ । ਸਮੇਂ ਦੇ ਪਾਬੰਦ ਰਹਿਣ ਦੀ ਬੇਨਤੀ ਕੀਤੀ ਜਾਂਦੀ ਹੈ ਜੀ।

# 2018 ਨੈਸ਼ਨਲ ਰਿਪੋਰਟ ਆਨ ਟੈਰਰਿਜ਼ਮ' ਬਾਰੇ ਸਥਿਤੀ ਸਪੱਸ਼ਟ ਕਰਨ ਲਈ ਗੁਡੇਲ ਪਬਲਿਕ ਸੇਫ਼ਟੀ ਕਮੇਟੀ ਸਾਹਮਣੇ ਹਾਜ਼ਰ ਹੋਣ : ਰੂਬੀ ਸਹੋਤਾ

ਔਟਵਾ: ਹਾਊਸ ਆਫ਼ ਕਾਮਨਜ਼ ਦੀ ਸਟੈਂਡਿੰਗ ਕਮੇਟੀ ਆਨ ਪਬਲਿਕ ਸੇਫ਼ਟੀ ਐਂਡ ਐਮਰਜੈਂਸੀ ਪ੍ਰੀਪੇਅਰਡਨੈੱਸ ਦੀ ਮੈਂਬਰ ਬਰੈਂਪਟਨ ਨੌਰਥ ਦੀ ਐੱਮ.ਪੀ. ਰੂਬੀ ਸਹੋਤਾ ਨੇ ਮਿਸਟਰ ਮੈਥਿਊ ਡੂਬੇ ਵੱਲੋਂ ਲਿਆਂਦੇ ਗਏ ਮੋਸ਼ਨ ਵਿਚ ਵਿਚ ਸੁਧਾਰ ਕਰਦਿਆਂ ਹੋਇਆਂ ਪਬਲਿਕ ਸੇਫ਼ਟੀ ਐਂਡ ਐਮਰਜੈਂਸੀ ਪ੍ਰੀਪੇਅਰਡਨੈੱਸ ਮੰਤਰੀ ਮਾਣਯੋਗ ਰੈਲਫ਼ ਗੁਡੇਲ ਨੂੰ ਜਿੰਨੀ ਜਲਦੀ ਹੋ ਸਕੇ ਕਮੇਟੀ ਦੇ ਸਾਹਮਣੇ ਹਾਜ਼ਰ ਹੋਣ ਲਈ ਬੇਨਤੀ ਕੀਤੀ ਹੈ ਕਿਉਂਕਿ ਇਸ ਮਹੱਤਵਪੂਰਨ ਮੁੱਦੇ ਨੂੰ ਤੁਰਤ ਸੁਲਝਾਉਣ ਦੀ ਜ਼ਰੂਰਤ ਹੈ। ਮਾਣਯੋਗ ਮੰਤਰੀ ਜੀ ਨੂੰ ਉਨ੍ਹਾਂ ਵੱਲੋਂ 11 ਦਸੰਬਰ 2018 ਨੂੰ ਪਾਰਲੀਮੈਂਟ ਵਿਚ ਪੇਸ਼ ਕੀਤੀ ਗਈ '2018 ਰਿਪੋਰਟ ਆਨ 'ਦ ਟੈਰਰਿਜ਼ ਥਰੈੱਟ ਟੂ ਕੈਨੇਡਾ' ਬਾਰੇ ਉਠਾਏ ਗਏ ਸੁਆਲਾਂ ਦਾ ਜੁਆਬ ਦੇਣ ਲਈ ਕਿਹਾ ਗਿਆ ਹੈ।

ਮੋਸ਼ਨ ਵਿਚ ਕੀਤੀ ਗਈ ਇਹ ਅਮੈਂਡਮੈਂਟ ਲਿਬਰਲ ਪਾਰਟੀ ਦੇ ਸਾਰੇ ਪਾਰਲੀਮੈਂਟ ਮੈਂਬਰਾਂ ਵੱਲੋਂ ਮਿਲੇ ਪੂਰਨ ਸਹਿਯੋਗ ਨਾਲ ਪਾਸ ਕਰ ਦਿੱਤੀ ਗਈ। ਇਸ ਦੇ ਬਾਰੇ ਗੱਲਬਾਤ ਕਰਦਿਆਂ ਹੋਇਆਂ ਪਾਰਲੀਮੈਂਟ ਮੈਂਬਰ ਰੂਬੀ ਸਹੋਤਾ ਨੇ ਕਿਹਾ,"ਜਿਸ ਦਿਨ ਇਹ ਰਿਪੋਰਟ ਜਾਰੀ ਕੀਤੀ ਗਈ ਸੀ, ਮੈਂ ਉਸ ਦਿਨ ਤੋਂ ਹੀ ਇਸ ਦੇ ਬਾਰੇ ਮੰਤਰੀ ਜੀ ਨਾਲ ਵਿਚਾਰ-ਵਟਾਂਦਰਾ ਕਰਦੀ ਰਹੀ ਹਾਂ। ਨੇੜ ਭਵਿੱਖ ਵਿਚ ਹੀ ਮੰਤਰੀ ਜੀ ਵੱਲੋਂ ਇਸ ਕਮੇਟੀ ਸਾਹਮਣੇ ਹਾਜ਼ਰ ਹੋਣ ਅਤੇ ਇਸ ਰਿਪੋਰਟ ਸਬੰਧੀ ਮੇਰੇ ਹਲਕੇ ਦੇ ਲੋਕਾਂ ਵੱਲੋਂ ਉਠਾਏ ਜਾ ਰਹੇ ਇਤਰਾਜ਼ਾਂ ਤੇ ਖ਼ਦਸ਼ਿਆਂ ਬਾਰੇ ਉਨ੍ਹਾਂ ਦੇ ਵਿਚਾਰ ਜਾਨਣ ਲਈ ਮੈਂ ਉਨ੍ਹਾਂ ਦਾ ਸੁਆਗਤ ਕਰਾਂਗੀ।

# ਕੁੰਵਰ ਵਿਜੈ ਪ੍ਰਤਾਪ ਦੀ ਬਦਲੀ ’ਤੇ ਮੁੜ ਵਿਚਾਰ ਕਰੇ ਚੋਣ ਕਮਿਸ਼ਨ : ਭਾਈ ਵਡਾਲਾ

## ਸਿੱਖ ਸਦਭਾਵਨਾ ਦਲ 15 ਅਪ੍ਰੈਲ ਨੂੰ ਜ਼ਿਲ੍ਹਾ ਪੱਧਰ ’ਤੇ ਚੋਣ ਕਮਿਸ਼ਨ ਦੇ ਨਾਮ ਦੇਵੇਗਾ ਮੁੜ ਨਜਰਸਾਨੀ ਪੱਤਰ



ਲੁਧਿਆਣਾ, 9 ਅਪ੍ਰੈਲ (ਗਿਆਨ ਸਿੰਘ): ਬੀਤੇ ਦਿਨੀਂ ਚੋਣ ਕਮਿਸ਼ਨ ਵੱਲੋਂ ਪੰਜਾਬ ਅੰਦਰ ਹੋਈਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀ ਦੀਆਂ ਘਟਨਾਵਾਂ ਨੂੰ ਲੈ ਕੇ ਪੰਜਾਬ ਸਰਕਾਰ ਵੱਲੋਂ ਬਣਾਈ ਗਈ ਵਿਸ਼ੇਸ਼ ਜਾਂਚ ਟੀਮ ਦੇ ਮੈਂਬਰ ਕੁੰਵਰ ਵਿਜੇ ਪ੍ਰਤਾਪ ਸਿੰਘ ਨੂੰ ਹਟਾਉਣ ਦੇ ਹੁਕਮ ਜਾਰੀ ਕਰਨ ਤੋਂ ਬਾਅਦ ਸਿੱਖ ਸੰਗਤਾਂ ’ਚ ਰੋਸ ਦੀ ਲਹਿਰ ਦੌੜ ਪਈ ਹੈ। ਇਸ ਸੰਬੰਧੀ ਜਦੋਂ ਸਿੱਖ ਸਦਭਾਵਨਾ ਦਲ ਦੇ ਮੁੱਖ ਸੇਵਾਦਾਰ ਭਾਈ ਬਲਦੇਵ ਸਿੰਘ ਵਡਾਲਾ ਨਾਲ ਗ਼ੱਲਬਾਤ ਕੀਤੀ ਗਈ ਤਾਂ ਉਨ੍ਹਾਂ ਚੋਣ ਕਮਿਸ਼ਨ ਨੂੰ ਆਪਣੇ ਫੈਸਲੇ ’ਤੇ ਮੁੜ ਵਿਚਾਰ ਕਰਨ ਲਈ ਆਖਦਿਆਂ ਕਿਹਾ ਕਿ ਹੁਣ ਜਦੋਂ ਵਿਸ਼ੇਸ਼ ਜਾਂਚ ਟੀਮ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਵਾਲੇ ਦੋਸ਼ੀਆਂ ਦੇ ਗ਼ਲਾਵੇਂ ਨੂੰ ਹੱਥ ਪਾਉਣ ਦੇ ਇਨ੍ਹੀ ਨੇੜੇ ਪੁੱਜ ਚੁੱਕੀ ਹੈ, ਅਜਿਹੇ ’ਚ ਚੋਣ ਕਮਿਸ਼ਨ ਵੱਲੋਂ ਅਜਿਹਾ ਫੈਸਲਾ, ਜਿੱਥੇ ਸਿੱਖ ਹਿਰਦਿਆਂ ਨੂੰ ਵਲੂੰਧਰ ਰਿਹਾ ਹੈ, ਉਥੇਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦੋਸ਼ੀਆਂ ਨੂੰ ਬਚਾਉਣ ਵੱਲ ਵੀ ਸਾਫ਼ ਇਸ਼ਾਰਾ ਕਰ ਰਿਹਾ ਹੈ। ਭਾਈ ਵਡਾਲਾ ਨੇ ਆਖਿਆ ਕਿ ਕੁੰਵਰ ਵਿਜੈ ਪ੍ਰਤਾਪ ਸਿੰਘ ਨੂੰ ਅਹੁਦੇ ਤੋਂ ਹਟਾਏ ਜਾਣ ਤੋਂ ਬਾਅਦ ਇਹ ਗ਼ੱਲ ਹਰ ਸਿੱਖ ਸੰਗਤ ਦੀ ਜ਼ੁਬਾਨ ’ਤੇ ਹੈ ਕਿ ਬਾਦਲ ਦਲ ਨੇ ਵਿਸ਼ੇਸ਼ ਜਾਂਚ ਟੀਮ ਦਾ ਹੱਥ ਆਪਣੇ ਗ਼ਲਾਵੇਂ ਨੂੰ ਪੈਂਦਾ ਦੇਖ ਕੇਂਦਰ ’ਤੇ ਕਾਬਜ਼ ਆਪਣੀ ਭਾਈਵਾਲ ਭਾਜਪਾ ਦੀ ਸਰਕਾਰ ਨੂੰ ਆਖ ਕੇ ਚੋਣ ਕਮਿਸ਼ਨ ’ਤੇ ਦਬਾਅ ਬਣਾ ਕੇ ਆਪਣੇ ਆਪ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਹੈ, ਜਿਸ ’ਤੇ ਅਕਾਲੀ ਦਲ ਦੀ ਖੁਸ਼ੀ ਨੇ ਮੋਹਰ ਵੀ ਲਾਈ ਹੈ। ਉਨ੍ਹਾਂ ਆਖਿਆ ਕਿ ਚੋਣ ਕਮਿਸ਼ਨ ਦੇ ਇਸ ਫੈਸਲੇ ਨਾਲ ਜਿੱਥੇ ਸਿੱਖਾਂ ਦੇ ਅੰਦਰ ਜਾਗੀ ਇਨਸਾਫ਼ ਦੀ ਕਿਰਨ ਕਿਤੇ ਅਲੋਪ ਹੋ ਗਈ ਹੈ, ਉਥੇਂ ਹੀ ਦੇਸ਼ ਅੰਦਰ ਫਿਰ ਤੋਂ ਸਿੱਖਾਂ ਨੂੰ ਬੇਗਾਨੀਅਤ ਦਾ ਅਹਿਸਾਸ ਕਰਵਾਇਆ ਗਿਆ ਹੈ। ਭਾਈ ਵਡਾਲਾ ਨੇ ਆਖਿਆ ਕਿ ਚੋਣ ਕਮਿਸ਼ਨ ਨੂੰ ਆਪਣੇ ਫੈਸਲੇ ’ਤੇ ਮੁੜ ਵਿਚਾਰ ਕਰਨਾ ਚਾਹੀਦਾ ਹੈ ਅਤੇ ਇਸ ਲਈ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਸਿੱਖ ਸਦਭਾਵਨਾ ਦਲ ਵੱਲੋਂ 15 ਅਪ੍ਰੈਲ ਦਿਨ ਸੋਮਵਾਰ ਨੂੰ ਜ਼ਿਲ੍ਹਾ ਪੱਧਰ ’ਤੇ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਕਮਿਸ਼ਨਰ ਰਾਹੀਂ ਚੋਣ ਕਮਿਸ਼ਨ ਨੂੰ ਮੁੜ ਨਜਰਸਾਨੀ ਪੱਤਰ ਦਿੱਤੇ ਜਾਣਗੇ।

# ਦੁਰਗਾ ਪਰਮੇਸ਼ਵਰੀ ਮੰਦਰ ਵਿੱਚ ਲੋਕ ਇੱਕ-ਦੂਜੇ ਉਤੇ ਬਲਦੀਆਂ ਮਸ਼ਾਲਾਂ ਸੁੱਟਦੇ ਨੇ

ਮੰਗਲੌਰ, 9 ਅਪ੍ਰੈਲ (ਪੋਸਟ ਬਿਊਰੋ)- ਕਹਿੰਦੇ ਹਨ ਕਿ ਮਨ 'ਚ ਆਸਥਾ ਹੋਵੇ ਤਾਂ ਜਾਨ ਦੀ ਵੀ ਪ੍ਰਵਾਹ ਨਹੀਂ ਹੁੰਦੀ। ਅੱਜ ਦੀ ਇੱਕ ਰਿਪੋਰਟ 'ਚ ਇੱਕ ਮੰਦਰ ਦੀ ਪਰੰਪਰਾ ਦਾ ਜ਼ਿਕਰ ਹੈ, ਜਿਹੜੀ ਜਾਨੇਲਵਾ ਹੋਣ ਦੇ ਬਾਵਜੂਦ ਲੋਕ ਇਸ ਨੂੰ ਪੂਰੀ ਆਸਥਾ ਨਾਲ ਨਿਭਾਉਂਦੇ ਹਨ ਤੇ ਕੋਈ ਇਤਰਾਜ਼ ਵੀ ਨਹੀਂ ਕਰਦਾ।

ਮੰਗਲੌਰ ਦੇ ਕਟੀਲ ਵਿੱਚ ਪ੍ਰਸਿੱਧ ਦੁਰਗਾ ਪਰਮੇਸ਼ਵਰੀ ਮੰਦਰ ਵਿੱਚ ਦੇਵੀ ਦੁਰਗਾ ਨੂੰ ਖੁਸ਼ ਕਰਨ ਲਈ ਦਰਜਨਾਂ ਲੋਕ ਇੱਕ-ਦੂਸਰੇ ਉੱਤੇ ਸੜਦੀਆਂ ਹੋਈਆਂ ਮਸ਼ਾਲਾਂ ਨਾਲ ਹਮਲਾ ਕਰਦੇ ਹਨ। ਸੁਣਨ ਵਿੱਚ ਵੀ ਇਹ ਬੇਹੱਦ ਖਤਰਨਾਕ ਲੱਗਦਾ ਹੈ, ਪਰ ਬਿਨਾਂ ਝਿਜਕ ਤੋਂ ਲੋਕ ਇਸ ਪਰੰਪਰਾ ਵਿੱਚ ਸ਼ਾਮਲ ਹੁੰਦੇ ਹਨ। ਇਥੇ ਅੱਠ ਦਿਨਾਂ ਤੱਕ ਇਹ ਸਾਲਾਨਾ ਮੇਲਾ ਚੱਲਦਾ ਹੈ। ਇਲਾਕੇ ਦੇ ਲੋਕਾਂ ਮੁਤਾਬਕ ਪਰੰਪਰਾ ਅੱਜ ਤੋਂ ਨਹੀਂ ਹੈ, ਸਦੀਆਂ ਤੋਂ ਚੱਲੀ ਆਈ ਹੈ। ਇਸ ਨੂੰ ‘ਅਗਨੀ ਕੇਲਿ’ ਦਾ ਨਾਂਅ ਦਿੱਤਾ ਗਿਆ ਹੈ। ਪਤਾ ਲੱਗਾ ਹੈ ਕਿ ਇਹ ਖੇਡ ਦੋ ਪਿੰਡਾਂ ਆਤੁਰ ਅਤੇ ਕਲਤੁੱਰ ਦੇ ਲੋਕਾਂ ਵਿਚਾਲੇ ਖੇਡੀ ਜਾਂਦੀ ਹੈ। ਮੰਦਰ ਵਿੱਚ ਸਭ ਤੋਂ ਪਹਿਲਾਂ ਦੇਵੀ ਦੀ ਸ਼ੋਭਾ ਯਾਤਰਾ ਕੱਢੀ ਜਾਂਦੀ ਹੈ, ਫਿਰ ਸਾਰੇ ਤਲਾਬ 'ਚ ਡੁਬਕੀ ਲਾਉਂਦੇ ਹਨ ਤੇ ਦੋ ਧਿਰਾਂ ਬਣਾ ਕੇ ਨਾਰੀਅਲ ਨਾਲ ਬਣੀਆਂ ਮਸ਼ਾਲਾਂ ਨੂੰ ਅੱਗ ਲਗਾ ਕੇ ਇੱਕ ਦੂਸਰੇ 'ਤੇ ਸੁੱਟਦੇ ਹਨ।

# ਆਦਰਸ਼ ਚੋਣ ਜ਼ਾਬਤੇ ਨੂੰ ਸਖਤੀ ਨਾਲ ਲਾਗੂ ਕੀਤਾ ਜਾਵੇਗਾ : ਗੁਰਲਵਲੀਨ ਸਿੱਧੂ

## ਪੋਸਟਲ ਬੈਲਟ ਪੇਪਰਾਂ, ਸਰਵਿਸ ਪੋਰਟਲਾਂ, ਸਾਈਬਰ ਸਕਿਊਰਿਟੀ, ਸਵੀਪ ਮੁਹਿੰਮ ਦੀ ਕੀਤੀ ਸਮੀਖਿਆ



ਫਰੀਦਕੋਟ, 9 ਅਪ੍ਰੈਲ (ਗਿਆਨ ਸਿੰਘ): 19 ਮਈ ਨੂੰ ਹੋਣ ਵਾਲੀਆਂ ਲੋਕ ਸਭਾ ਚੋਣਾਂ ਦੀਆਂ ਤਿਆਰੀਆਂ ਅਤੇ ਹੁਣ ਤੱਕ ਕੀਤੇ ਗਏ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਰਿਟਰਨਿੰਗ ਅਫਸਰ ਲੋਕ ਸਭਾ ਹਲਕਾ 09 ਫਰੀਦਕੋਟ ਕਮ ਜਿਲ੍ਹਾ ਚੋਣ ਅਫਸਰ ਸ: ਗੁਰਲਵਲੀਨ ਸਿੰਘ ਸਿੱਧੂ, ਆਈ.ਏ.ਐਸ. ਵੱਲੋਂ ਸਮੂਹ ਸਹਾਇਕ ਰਿਟਰਨਿੰਗ ਅਫਸਰਾਂ, ਏ.ਆਰ.ਓਜ਼ ਨਾਲ ਵਿਸ਼ੇਸ਼ ਮੀਟਿੰਗ ਕੀਤੀ ਗਈ । ਜਿਸ ਵਿੱਚ ਫਰੀਦਕੋਟ ਜਿਲ੍ਹੇ ਦੇ ਤਿੰਨਾਂ ਵਿਧਾਨ ਸਭਾ ਹਲਕਿਆਂ ਮੋਗਾ ਜਿਲ੍ਹੇ ਦੇ 4 ਵਿਧਾਨ ਸਭਾ ਹਲਕਿਆਂ,ਸ੍ਰੀ ਮੁਕਤਸਰ ਸਾਹਿਬ ਅਤੇ ਬਠਿੰਡਾ ਜਿਲ੍ਹਿਆਂ ਦੇ ਇਕ ਇਕ ਵਿਧਾਨ ਸਭਾ ਹਲਕਿਆਂ ਨਾਲ ਸਬੰਧਤ ਏ.ਆਰ.ਓਜ਼ ਤੋਂ ਇਲਾਵਾ ਚੋਣ ਪ੍ਰਬੰਧਾਂ ਵਿੱਚ ਲੱਗੇ ਪੁਲਿਸ ਅਧਿਕਾਰੀਆਂ ਨੇ ਸ਼ਿਰਕਤ ਕੀਤੀ ।

ਰਿਟਰਨਿੰਗ ਅਫਸਰ ਵੱਲੋਂ ਮੀਟਿੰਗ ਦੌਰਾਨ ਸਮੂਹ ਏ.ਆਰ.ਓਜ਼ ਤੋਂ ਪੋਸਟਲ ਬੈਲਟ ਪੇਪਰਾਂ ਉਨ੍ਹਾਂ ਦੇ ਚੋਣ ਹਲਕੇ ਦੀਆਂ ਵੋਟਰ ਸੂਚੀਆਂ ਸਬੰਧੀ ਜਾਣਕਾਰੀ ਲਈ। ਉਨ੍ਹਾਂ ਸਮੂਹ ਏ.ਆਰ.ਓਜ਼ ਨੂੰ ਹਦਾਇਤ ਕੀਤੀ ਕਿ ਉਹ ਚੋਣ ਕਮਿਸ਼ਨ ਨੂੰ ਭੇਜੀਆਂ ਜਾਂਦੀਆਂ ਰਿਪੋਰਟਾਂ ਸਮੇਂ ਸਿਰਫ ਭੇਜਣਾ ਯਕੀਨੀ ਬਣਾਉਣ ਅਤੇ ਆਦਰਸ਼ ਚੋਣ ਜਾਬਤੇ ਨੂੰ ਪੂਰੀ ਤਰ੍ਹਾ ਲਾਗੂ ਕਰਨ ਲਈ ਕੰਮ ਕਰਨ। ਉਨ੍ਹਾਂ ਇਹ ਵੀ ਦੱਸਿਆ ਕਿ 10 ਅਪ੍ਰੈਲ ਨੂੰ ਸਵੇਰੇ 10 ਵਜੇ ਲੋਕ ਸਭਾ ਹਲਕਾ 09 ਫਰੀਦਕੋਟ ਦੇ ਸਾਰੇ ਏ.ਈ.ਓ ( ਸਹਾਇਕ ਖਰਚਾ ਨਿਗਰਾਨ) ਅਤੇ ਅਕਾਊਂਟਿੰਗ ਟੀਮਾਂ, ਵੀ.ਐਸ.ਟੀ. ਟੀਮ ਅਤੇ ਵੀ.ਵੀ. ਟੀ. ਟੀਮ ਨੂੰ ਟਰੇਨਿੰਗ ਦਿੱਤੀ ਜਾਣੀ ਹੈ ਅਤੇ ਸਮੂਹ ਸਬੰਧਤ ਅਧਿਕਾਰੀ ਇਸ ਟਰੇਨਿੰਗ ਵਿੱਚ ਹਾਜ਼ਰ ਹੋਣ । ਉਨ੍ਹਾਂ ਕਿਹਾ ਕਿ ਫਰੀਦਕੋਟ ਹਲਕੇ ਲਈ ਭਾਰਤ ਦੇ ਚੋਣ ਕਮਿਸ਼ਨ ਵੱਲੋਂ ਨਿਯੁਕਤ ਕੀਤੇ ਓਬਜ਼ਰਵਰ ਸਾਹਿਬਾਨ ਜਲਦੀ ਹੀ ਹਲਕੇ ਵਿੱਚ ਆਪਣਾ ਕੰਮ ਕਾਰ ਸ਼ੁਰੂ ਕਰ ਦੇਣਗੇ। ਇਸ ਮੌਕੇ ਸਮੂਹ ਏ.ਆਰ.ਓਜ਼ ਨੂੰ ਭਾਰਤ ਦੇ ਚੋਣ ਕਮਿਸ਼ਨ ਵੱਲੋਂ ਸਾਈਬਰ ਸੁਰੱਖਿਆ ਸਬੰਧੀ ਜਾਰੀ ਕੀਤੀਆਂ ਹਦਾਇਤਾਂ ਅਤੇ ਗਾਇਡ ਲਾਈਨਜ਼ ਦੀ ਇੰਨ ਬਿੰਨ ਪਾਲਣ ਕਰਨ ਦਾ ਵੀ ਆਦੇਸ਼ ਦਿੱਤਾ ਗਿਆ ।

ਰਿਟਰਨਿੰਗ ਅਫਸਰ ਨੇ ਇਸ ਮੌਕੇ ਸਮੂਹ ਏ.ਆਰ.ਓਜ਼ ਤੋਂ ਪੋਲਿੰਗ ਪਾਰਟੀਆਂ ਦੇ ਰਿਹਰਸਲ, ਡਿਸਪੈਚ ਸੈਂਟਰ, ਕੁਲੈਕਸ਼ਨ ਸੈਂਟਰ ਆਦਿ ਸਬੰਧੀ ਵੀ ਵਿਸਥਾਰ ਸਹਿਤ ਜਾਣਕਾਰੀ ਲਈ । ਇਸ ਤੋਂ ਇਲਾਵਾ ਵਿਧਾਨ ਸਭਾ ਹਲਕੇ ਵਾਈਸ ਜਾਰੀ ਕੀਤੀਆਂ ਗਈਆਂ ਜਾਂ ਜਾਣ ਵਾਲੀਆਂ ਪ੍ਰਵਾਨਗੀਆਂ ਜਿਵੇਂ ਕਿ ਰੈਲੀਆਂ, ਮੀਟਿੰਗਾਂ, ਗੱਡੀਆਂ, ਲਾਊਡ ਸਪੀਕਰਾਂ ਆਦਿ ਦੀ ਮਨਜ਼ੂਰੀ ਸਬੰਧੀ ਵੀ ਕਾਪੀ ਵੀ ਰਿਟਰਨਿੰਗ ਪੱਧਰ ਤੇ ਬਣਾਈ ਕਮੇਟੀ ਦੇ ਨੋਡਲ ਅਫਸਰ ਕਮ ਜਿਲ੍ਹਾ ਚੋਣ ਅਫਸਰ ਫਰੀਦਕੋਟ ਕੋਲ ਭੇਜਣ ਦੀ ਹਦਾਇਤ ਕੀਤੀ ਗਈ । ਉਨ੍ਹਾਂ ਸਰਵਿਸ ਵੋਟਰਾਂ ਸਬੰਧੀ ਫਾਰਮ ਨੰਬਰ 12 ਜਲਦੀ ਤੋਂ ਜਲਦੀ ਲੈਣ ਲਈ ਕਿਹਾ । ਇਸ ਤੋਂ ਇਲਾਵਾ ਸਮੂਹ ਏ.ਆਰ.ਓਜ਼ ਨੂੰ ਚੋਣ ਕਮਿਸ਼ਨ ਵੱਲੋਂ ਵੋਟਰਾਂ, ਰਾਜਨੀਤਿਕ ਪਾਰਟੀਆਂ ਅਤੇ ਆਮ ਲੋਕਾਂ ਦੀ ਸਹੂਲਤ ਲਈ ਜਾਰੀ ਕੀਤੀਆਂ ਗਈਆਂ ਮੋਬਾਇਲ ਐਪਲੀਕੇਸ਼ਨਾਂ, ਹੈਲਪ ਲਾਇਨਾਂ ਸਬੰਧੀ ਵੀ ਵਿਸਥਾਰ ਸਹਿਤ ਜਾਣਕਾਰੀ ਲਈ ਗਈ। ਉਨ੍ਹਾਂ ਸਮੂਹ ਅਧਿਕਾਰੀਆਂ ਨੂੰ ਕਿਹਾ ਕਿ ਉਹ ਵਿਧਾਨ ਸਭਾ ਹਲਕਾ ਪੱਧਰ ਤੇ ਸਵੀਪ ਮੁਹਿੰਮ ਨੂੰ ਹੋਰ ਤੇਜ਼ ਕਰਨ ਤਾਂ ਜੋ ਵੋਟਰਾਂ ਨੂੰ ਵੋਟ ਪਾਉਣ ਸਬੰਧੀ ਵੱਧ ਤੋਂ ਵੱਧ ਜਾਗਰੂਕ ਕੀਤਾ ਜਾ ਸਕੇ।

ਮੀਟਿੰਗ ਵਿਚ ਵਧੀਕ ਡਿਪਟੀ ਕਮਿਸ਼ਨਰ ਸ ਗੁਰਜੀਤ ਸਿੰਘ, ਐਸ.ਡੀ.ਐਮ ਜੈਤੋ, ਕੋਟਕਪੂਰਾ ਕ੍ਰਮਵਾਰ ਸ੍ਰੀ ਰਾਮ ਸਿੰਘ ਅਤੇ ਸ ਬਲਵਿੰਦਰ ਸਿੰਘ, ਸਹਾਇਕ ਕਮਿਸ਼ਨਰ ਸ: ਹਰਦੀਪ ਸਿੰਘ, ਐਸ.ਡੀ.ਐਮ. ਨਿਹਾਲ ਸਿੰਘ ਵਾਲਾ ਮੈਡਮ ਮਨਦੀਪ ਕੌਰ, ਐਸ.ਡੀ.ਐਮ. ਰਾਮਪੁਰਾ ਫੂਲ ਸ: ਖੁਸ਼ਦਿਲ ਸਿੰਘ ਸੰਧੂ , ਐਸ ਪੀ (ਸਥਾਨਕ) ਭੁਪਿੰਦਰ ਸਿੰਘ, ਜਿਲ੍ਹਾ ਮਾਲ ਅਫਸਰ ਸ: ਅਵਤਾਰ ਸਿੰਘ, ਨਾਇਬ ਤਹਿਸੀਲਦਾਰ ਸਾਦਿਕ ਮੈਡਮ ਲਵਪ੍ਰੀਤ ਕੌਰ, ਡੀ.ਆਈ.ਓ ਸ੍ਰੀ ਅਨਿਲ ਕਟਿਆਰ ਤੋਂ ਇਲਾਵਾ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਸ਼ਾਮਲ ਸਨ।


Sandalwood Heights Secondary School

Parents' Council Presents
A Parent Engagement Night

When: Thursday, April 11th, 2019
Where: Sandalwood Secondary School
2671 Sandalwood Parkway East
Brampton, ON L6R 0K7
905-494-0023
Time: 6 PM – 8 PM

Community Involvement

| Time | TOPIC | PRESENTER(S) |
|---|---|---|
| 6:15 - 7:00 | How Drugs Affect Our Society | Drugs Awareness Society of Toronto<br>Dr. Parminder Singh |
| 7:00 - 7:15 | Break | |
| 7:15 - 8:00 | Building Resiliency: Strategies for Supporting Mental Health | Ms. Valerie Anderson, Mental Health Resource Clinician, C. Psych.<br>Peel District School Board |
| 7:15 - 8:00 | What You Need to Know About Social Media | Ms. Rupinder Mann, Vice-Principal, PDSB<br>Ms. Mateja Drinovac, Vice-Principal, PDSB<br>Mr. Mark Miller, Instructional Coach, PDSB |

Parents will be able to choose one out of the last two workshops listed above.

Snacks will be provided.



Tax & Accounting

ਟੈਕਸ ਕਿਵੇਂ ਤੇ ਕਿਥੇ ਬਚਾਇਆ ਜਾ ਸਕਦਾ ਹੈ?

•TAX •HST REBATE •CORPORATION SET UP
•ACCOUNTING •BUSINESS LOAN

CA CPA

info@cagrover.com

ਇਮਾਨਦਾਰ ਤੇ ਭਰੋਸੇ ਯੋਗ ਸੇਵਾਵਾਂ ਲਈ ਕਾਲ ਕਰੋ:905.247.0193



148-2960 Drew Road, Mississauga ON L4T 0A5 | Harcharan S. Grover



ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ

Minimum 1 year experience & Trained mechanic

•6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ •Biweekly payment
•Homely Environment •ਵਧੀਆ ਤਨਖਾਹ

Also need Body Shop Mechanic



ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.533.1100/416.278.7181 (9am to 6pm)



ਹਵਾਈ ਸਫਰ ਨੂੰ ਸੁਹਾਵਨਾ ਤੇ ਸੁੱਰਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

Join and Represent Us

▷ VISITOR TO CANADA INSURANCE
▷ TRAVEL OUT INSURANCE
▷ INTERNATIONAL STUDENT INSURANCE
▷ OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

# ਸੰਪਾਦਕੀ

## ਟੇਲਗੇਟਿੰਗ: ਮੌਜ ਮਸਤੀ ਸਹੀ ਪਰ ਇਸ ਨਾਲੇ ਜੁੜੇ ਮੁੱਦਿਆਂ ਦਾ ਕੀ ਹੋਵੇਗਾ?

ਪਰਸੋਂ ਨੂੰ ਉਂਟੇਰੀਓ ਸਰਕਾਰ ਵੱਲੋਂ ਬੱਜਟ ਪੇਸ਼ ਕੀਤਾ ਜਾਵੇਗਾ। ਬੱਜਟ ਅਜਿਹਾ ਅਵਸਰ ਹੁੰਦਾ ਹੈ ਜਦੋਂ ਲੋਕਾਂ ਦੀਆਂ ਆਸਾਂ ਸਿਰ ਚੜ ਕੇ ਬੋਲਦੀਆਂ ਹਨ ਅਤੇ ਬੱਝਵੇਂ ਬੱਜਟ ਵਿੱਚ ਹਰ ਕਿਸੇ ਨੂੰ ਖੁਸ਼ ਕਰਨਾ ਸੌਖਾ ਕੰਮ ਨਹੀਂ ਹੁੰਦਾ। ਜਾਪਦਾ ਹੈ ਕਿ ਸੀਮਤ ਪੈਸਿਆਂ ਨਾਲ ਸਰਕਾਰ ਚਲਾਉਣ ਦੀ ਮਜ਼ਬੂਰੀ ਨੂੰ ਦੇਖਦੇ ਹੋਏ, ਉਂਟੇਰੀਓ ਸਰਕਾਰ ਨੇ ਲੋਕਾਂ ਨੂੰ ਖੁਸ਼ ਕਰਨ ਦਾ ਇੱਕ ਹੋਰ ਤਰੀਕਾ ਲੱਭਿਆ ਹੈ। ਇਹ ਤਰੀਕਾ ਹੈ ਕਿ ਸਰਕਾਰ ਵੱਲੋਂ ਬੱਜਟ ਬਿੱਲ ਵਿੱਚ 'ਟੇਲਗੇਟਿੰਗ' ਨੂੰ ਲੀਗਲ ਕਰਨ ਬਾਰੇ ਮੱਦ ਪਾਈ ਜਾਵੇਗੀ।

ਟੇਲਗੇਟਿੰਗ ਸ਼ਬਦ ਉਹਨਾਂ ਪਾਰਟੀਆਂ ਲਈ ਵਰਤਿਆ ਜਾਂਦਾ ਹੈ ਜੋ ਕਿਸੇ ਸਪੋਰਟਸ ਜਾਂ ਖੇਡ ਈਵੈਂਟ ਦੇ ਸ਼ੁਰੂ ਹੋਣ ਤੋਂ ਪਹਿਲਾਂ ਖੇਡ ਪਰੇਮੀਆਂ/ਦਰਸ਼ਕਾਂ ਵੱਲੋਂ ਪਾਰਕਿੰਗ ਲਾਟ ਵਿੱਚ ਆਪਣੀਆਂ ਵਾਹਨਾਂ ਦੇ ਟਰੰਕ ਖੋਲ ਕੇ ਕੀਤੀਆਂ ਜਾਂਦੀਆਂ ਹਨ। ਅਜਿਹੀਆਂ ਪਾਰਟੀਆਂ ਦਾ ਹੋਣਾ ਅਮਰੀਕਾ ਵਿੱਚ ਆਮ ਹੈ ਜਿੱਥੇ ਕਈ ਕੈਨੇਡੀਅਨ ਫੈਨ ਹੋਣ ਜਾ ਰਹੀਆਂ ਖੇਡ ਈਵੈਂਟਾਂ ਵਿੱਚ 'ਟੇਲਗੇਟਿੰਗ' ਦੀ ਮੌਜ ਮਸਤੀ ਲੈਣ ਲਈ ਹੀ ਜਾਂਦੇ ਹਨ। ਦਰਸ਼ਕਾਂ ਵੱਲੋਂ ਪਾਰਕਿੰਗ ਲਾਟ ਵਿੱਚ ਆਪਣੇ ਵਾਹਨਾਂ ਦੇ ਇਰਦ ਗਿਰਦ ਬਾਰਬੀਕਿਉ ਲਾ ਲਿਆ ਜਾਂਦਾ ਹੈ। ਖੇਡ ਸਟੇਡੀਅਮ ਦੇ ਬਾਹਰ ਇੱਕ ਮੇਲੇ ਵਾਲਾ ਮਾਹੌਲ ਸਿਰਜਿਆ ਵੇਖਿਆ ਜਾ ਸਕਦਾ ਹੈ।

ਉਂਟੇਰੀਓ ਸਰਕਾਰ ਦੇ ਟੇਲਗੇਟਿੰਗ ਨੂੰ ਲੀਗਲ ਕਰਨ ਦੇ ਫੈਸਲੇ ਦਾ ਵੱਡੇ ਪੱਧਰ ਉੱਤੇ ਸੁਆਗਤ ਕੀਤਾ ਜਾ ਰਿਹਾ ਹੈ। ਇਸਦਾ ਵਿਰੋਧ ਕਰਨ ਲਈ ਵਿਰੋਧੀ ਪਾਰਟੀਆਂ ਕੋਲ ਵੀ ਬਹੁਤਾ ਮਸਾਲਾ ਨਹੀਂ ਹੈ ਜਿਸ ਕਾਰਣ ਉਹ ਅੱਕੀਂ ਪਲਾਹੀਂ ਹੱਥ ਮਾਰਨ ਵਾਲੇ ਤਰਕ ਪੇਸ਼ ਕਰ ਰਹੀਆਂ ਹਨ। ਮਿਸਾਲ ਵਜੋਂ ਐਨ ਡੀ ਪੀ ਵੱਲੋਂ ਕਿਹਾ ਜਾ ਰਿਹਾ ਹੈ ਕਿ ਫੋਰਡ ਸਰਕਾਰ ਵੱਲੋਂ ਟੇਲਗੇਟਿੰਗ ਦਾ ਉਸ ਵੇਲੇ ਐਲਾਨ ਕਰਨਾ ਮੰਦਭਾਗਾ ਹੈ ਜਦੋਂ ਅਧਿਆਪਕ ਕਲਾਸਾਂ ਦੇ ਸਾਈਜ਼ ਨੂੰ ਵੱਡਾ ਕਰਨ ਦੇ ਰੋਸ ਵਿੱਚ ਮੁਜ਼ਾਹਰੇ ਕਰ ਰਹੇ ਹਨ। ਅਜਿਹੇ ਬੋਦੇ ਤਰਕ ਨਾਲ ਸਰਕਾਰ ਦਾ ਕੀ ਵਿਗੜਨ ਵਾਲਾ ਹੈ? ਪਰ ਜੇ ਇਸ ਗੱਲ ਨੂੰ ਪੰਜਾਬੀ ਕਮਿਉਨਿਟੀ ਦੇ ਪਰੀਪੇਖ ਤੋਂ ਵਿਚਾਰਿਆ ਜਾਵੇ ਤਾਂ ਟੇਲਗੇਟਿੰਗ ਨੂੰ ਲੀਗਲ ਕਰਨ ਬਾਰੇ ਗੰਭੀਰਤਾ ਨਾਲ ਸੋਚਣਾ ਬਣਦਾ ਹੈ।



ਕੈਨੇਡਾ ਖਾਸ ਕਰਕੇ ਉਂਟੇਰੀਓ ਵਿੱਚ ਪੰਜਾਬੀ ਖੇਡਾਂ ਵਿੱਚ ਕੱਬਡੀ ਦਾ ਨਾਮ ਸੱਭ ਤੋਂ ਉੱਤੇ ਆਉਂਦਾ ਹੈ। ਕਬੱਡੀ ਟੂਰਨਾਮੈਂਟਾਂ ਦੌਰਾਨ ਦੌਰਾਨ ਸ਼ਰਾਬ ਜਾਂ ਹੋਰ ਨਸ਼ਿਆਂ ਦੀ ਵਰਤੋਂ ਕਾਰਣ ਸਟੇਡੀਅਮ ਵਿੱਚ ਸ਼ਾਲੀਨਤਾ ਦਾ ਖੰਭ ਲਾ ਕੇ ਉੱਡ ਜਾਣਾ ਆਮ ਵੇਖਿਆ ਜਾ ਸਕਦਾ ਹੈ। ਸੁਆਲ ਹੈ ਕਿ ਟੇਲਗੇਟਿੰਗ ਦੇ ਲੀਗਲ ਹੋਣ ਤੋਂ ਬਾਅਦ ਕੱਬਡੀ ਜਾਂ ਹੋਰ ਪੰਜਾਬੀ ਖੇਡਾਂ ਦੇ ਮੈਚਾਂ ਦੌਰਾਨ ਪਾਰਕਿੰਗ ਲਾਟ ਵਿੱਚ ਮਾਹੌਲ ਕਿਹੋ ਜਿਹਾ ਹੋਵੇਗਾ? ਕੀ ਕਮਿਉਨਿਟੀ ਇਹੋ ਜਿਹੇ ਅਨੁਭਵ ਲਈ ਤਿਆਰ ਹੈ? ਕੀ ਪਾਰਕਿੰਗ ਲਾਟਾਂ ਵਿੱਚ ਜੋ ਰਹੀਆਂ ਪਾਰਟੀਆਂ ਦੌਰਾਨ ਲੋਕ ਨਸ਼ਈ ਹੋ ਕੇ ਆਪਣੀਆਂ ਨਿੱਕੀਆਂ ਵੱਡੀਆਂ ਰੰਜ਼ਸਾਂ ਨੂੰ ਲੜਾਈ ਦਾ ਕਾਰਣ ਨਹੀਂ ਬਣਾ ਲੈਣਗੇ? ਕੁੱਝ ਸਾਲ ਪਹਿਲਾਂ ਡਿਕਸੀ ਗੁਰਦੁਆਰਾ ਸਾਹਿਬ ਦੀਆਂ ਗਰਾਊਂਡਾਂ ਵਿੱਚੋਂ ਕੱਬਡੀ ਦੇ ਮੈਚ ਇਸ ਲਈ ਬੰਦ ਕਰਨੇ ਪਏ ਸਨ ਕਿਉਂਕਿ ਲੋਕੀ ਬੀਅਰ, ਵਿਸਕੀ ਆਦਿ ਦੀਆਂ ਬੋਤਲਾਂ ਅਤੇ ਹੋਰ ਨਿੱਕਸੁੱਕ ਪਿੱਛੇ ਛੱਡ ਜਾਂਦੇ ਹਨ। ਜੇ ਇੱਕ ਧਾਰਮਿਕ ਸਥਾਨ ਨਾਲ ਜੁੜੇ ਸਟੇਡੀਅਮ ਪ੍ਰਤੀ ਅਜਿਹਾ ਵਤੀਰਾ ਹੋ ਸਕਦਾ ਹੈ, ਉਹ ਵੀ ਉਸ ਵੇਲੇ ਜਦੋਂ ਅਜਿਹਾ ਕਰਨਾ ਗੈਰਕਨੂੰਨੀ ਸੀ ਤਾਂ ਕਨੂੰਨੀ ਇਜ਼ਾਜਤ ਮਿਲਣ ਤੋਂ ਬਾਅਦ ਆਮ ਸਟੇਡੀਅਮਾਂ ਵਿੱਚ ਮਾਹੌਲ ਕਿਹੋ ਜਿਹਾ ਹੋਵੇਗਾ?

ਦੂਜਾ ਮਸਲਾ ਪਰਿਵਾਰਾਂ ਦਾ ਹੈ। ਪੰਜਾਬੀ ਖੇਡਾਂ ਦੌਰਾਨ ਔਰਤਾਂ ਅਤੇ ਬੱਚਿਆਂ ਦਾ ਘੱਟ ਗਿਣਤੀ ਵਿੱਚ ਹਾਜ਼ਰ ਹੋਣਾ ਹਮੇਸ਼ਾ ਹੀ ਗੰਭੀਰ ਮਸਲਾ ਰਿਹਾ ਹੈ। ਆਮ ਕੈਨੇਡੀਅਨ ਅਨੁਭਵ ਦੇ ਮੁਕਾਬਲੇ ਪੰਜਾਬੀ ਪਰਿਵਾਰ ਖੇਡਾਂ ਵੇਖਣ ਨਹੀਂ ਜਾਂਦੇ ਜਿਸਦਾ ਇੱਕ ਕਾਰਣ ਮਾਹੌਲ ਦਾ ਪਰਿਵਾਰਾਂ ਲਈ ਢੁੱਕਵਾਂ ਨਾ ਹੋਣਾ ਦੱਸਿਆ ਜਾਂਦਾ ਹੈ। ਜੇ ਹਾਲਾਤ ਪਹਿਲਾਂ ਹੀ ਐਨੇ ਪਤਲੇ ਹਨ ਤਾਂ ਟੇਲਗੇਟਿੰਗ ਤੋਂ ਬਾਅਦ ਔਰਤਾਂ ਦੀ ਸ਼ਮੂਲੀਅਤ ਹੋਰ ਘੱਟ ਹੋ ਸਕਦੀ ਹੈ। ਇਹ ਸਮੁੱਚੇ ਪਰੀਪੇਖ ਤੋਂ ਵੇਖਿਆਂ ਜਿੱਥੇ ਟੇਲਗੇਟਿੰਗ ਬਹੁ-ਗਿਣਤੀ ਉਂਟੇਰੀਓ ਵਾਸੀਆਂ ਲਈ ਚੰਗੀ ਖ਼ਬਰ ਹੋ ਸਕਦੀ ਹੈ, ਪੰਜਾਬੀ ਕਮਿਉਨਿਟੀ ਦੇ ਪੱਖ ਤੋਂ ਇੱਕ ਵਿਚਾਰਨਯੋਗ ਵਿਸ਼ਾ ਹੈ। ਵਿਚਾਰਨਯੋਗ ਵਿਸ਼ਾ ਇਹ ਵੀ ਹੈ ਕਿ ਕੀ ਸਾਡੇ ਲੋਕਲ ਐਮ ਪੀ ਪੀ, ਬੇਸ਼ੱਕ ਉਹ ਕਿਸੇ ਪਾਰਟੀ ਨਾਲ ਸਬੰਧਿਤ ਹੋਣ, ਟੇਲਗੇਟਿੰਗ ਦਾ ਸਹੀ ਕਾਰਣਾਂ ਕਰਕੇ ਵਿਰੋਧ ਕਰਨ ਦਾ ਹੀਆ ਕਰਨਗੇ?

## ਛੱਤੀਸਗੜ੍ਹ ਵਿੱਚ ਨਕਸਲੀ ਹਮਲਾ, ਭਾਜਪਾ ਵਿਧਾਇਕ ਦੀ ਮੌਤ

*** ਪੰਜ ਸੁਰੱਖਿਆ ਜਵਾਨ ਵੀ ਮਾਰੇ ਗਏ**

ਰਾਏਪੁਰ, 9 ਅਪਰੈਲ, (ਪੋਸਟ ਬਿਊਰੋ)- ਛੱਤੀਸਗੜ੍ਹ ਦੇ ਨਕਸਲੀ ਪ੍ਰਭਾਵਤ ਦੰਤੇਵਾੜਾ ਜ਼ਿਲੇ ਵਿਚ ਨਕਸਲੀਆਂ ਨੇ ਅੱਜ ਭਾਜਪਾਦੇ ਇੱਕ ਵਿਧਾਇਕ ਦੇ ਕਾਫਲੇ ਉੱਤੇ ਹਮਲਾ ਕੀਤਾ, ਜਿਸ ਵਿੱਚ ਵਿਧਾਇਕ ਦੀ ਮੌਤ ਹੋ ਗਈ।

ਦੰਤੇਵਾੜਾ ਵਿਚ ਭਾਜਪਾ ਵਿਧਾਇਕ ਭੀਮਾ ਮੰਡਾਵੀ ਦੇ ਕਾਫਲੇ ਉੱਤੇ ਮਾਓਵਾਦੀਆਂ ਨੇ ਆਈ ਈ ਡੀ ਨਾਲ ਹਮਲਾ ਕੀਤਾ ਤਾਂ ਇਸ ਵਿੱਚ ਭਾਜਪਾ ਵਿਧਾਇਕ ਭੀਮਾ ਮੰਡਾਵੀ ਦੀ ਮੌਤ ਹੋ ਗਈ। ਧਮਾਕੇ ਦੀ ਲਪੇਟ ਵਿਚ ਆਣ ਕੇ ਵਿਧਾਇਕ ਦੇ ਕਾਫਲੇ ਵਿਚ ਮੌਜੂਦ 3 ਨਿੱਜੀ ਸੁਰੱਖਿਆ ਮੁਲਾਜ਼ਮਾਂ ਤੇ ਡਰਾਈਵਰ ਦੀ ਵੀ ਮੌਤ ਹੋ ਗਈ। ਦੰਤੇਵਾੜਾ ਛੱਤੀਸਗੜ੍ਹ ਦੀ ਬਸਤਰ ਪਾਰਲੀਮੈਂਟ ਸੀਟ ਦਾ ਇਲਾਕਾ ਹੈ ਅਤੇ ਇਥੇ 11 ਅਪ੍ਰੈਲ ਨੂੰ ਵੋਟਿੰਗ ਹੋਣੀ ਹੈ। ਇਸ ਘਟਨਾ ਦੇ ਬਾਅਦ ਡੀ ਆਈ ਜੀ ਐਂਟੀ ਨਕਸਲ ਆਪਰੇਸ਼ਨਸ ਪੀ. ਸੁੰਦਰ ਰਾਜ ਨੇ ਦੱਸਿਆ ਕਿ ਦੰਤੇਵਾੜਾ ਜ਼ਿਲੇ ਦੇ ਕੁਆਂਕੋਡਾ ਇਲਾਕੇ ਵਿਚ ਇਹ ਹਮਲਾ ਓਦੋਂ ਹੋਇਆ, ਜਦੋਂ ਵਿਧਾਇਕ ਦਾ ਕਾਫਲਾ ਲੰਘ ਰਿਹਾ ਸੀ। ਆਈ ਈ ਡੀ ਧਮਾਕੇ ਕਰਕੇ ਨਕਸਲੀਆਂ ਨੇ ਵਿਧਾਇਕ ਦੇ ਕਾਫਲੇ ਵਿਚ ਸ਼ਾਮਲ ਸੁਰੱਖਿਆ ਮੁਲਾਜ਼ਮਾਂ ਦੇ ਇਕ ਵਾਹਨ ਨੂੰ ਨਿਸ਼ਾਨਾ ਬਣਾਇਆ ਸੀ। ਇਸ ਹਮਲੇ ਤੋਂ ਬਾਅਦ ਇਲਾਕੇ ਵਿਚ ਸੀ ਆਰ ਪੀ ਐਫ ਅਤੇ ਸਟੇਟ ਪੁਲਸ ਦੀਆਂ ਟੀਮਾਂ ਵੱਡੀ ਗਿਣਤੀ ਵਿਚ ਭੇਜ ਕੇ ਘਟਨਾ ਵਾਲੀ ਥਾਂ ਨੇੜਲਾ ਇਲਾਕਾ ਸੀਜ਼ ਕਰ ਦਿੱਤਾ ਗਿਆ ਹੈ।

ਦੱਸਿਆ ਗਿਆ ਹੈ ਕਿ ਸ਼ਿਆਮਗਿਰੀ ਵਿੱਚ ਅੱਜ ਸਾਲਾਨਾ ਮੜਈ ਮੇਲਾ ਸੀ, ਜਿੱਥੇ ਰੈਲੀ ਨੂੰ ਸੰਬੋਧਨ ਕਰਨ ਲਈ ਭਾਜਪਾ ਦੇ ਵਿਧਾਇਕ ਜ਼ਿਲ੍ਹਾ ਸਕੱਤਰੇਤ ਤੋਂ ਕਰੀਬ 70 ਕਿਲੋਮੀਟਰ ਦੂਰ ਇਸ ਪਿੰਡਗਏ ਸਨ। ਪੰਜ ਸਾਲ ਪਹਿਲਾਂ ਇਸੇ ਜਗ੍ਹਾਨਕਸਲੀਆਂ ਦੇ ਹਮਲੇ ਵਿੱਚ ਇਕ ਜਵਾਨ ਮਾਰਿਆ ਗਿਆ ਸੀ। ਭੀਮਾ ਮੰਡਾਵੀ ਵਿਧਾਨ ਸਭਾ ਵਿੱਚ ਭਾਜਪਾ ਗਰੁੱਪ ਦੇ ਉਪ ਨੇਤਾ ਸਨ। ਉਹ ਦੂਜੀ ਵਾਰ ਵਿਧਾਇਕ ਚੁਣੇ ਗਏ ਸਨ। ਇਸ ਤੋਂ ਪਹਿਲਾਂ ਉਹ 2008 ਵਿੱਚ ਵਿਧਾਇਕ ਬਣੇ ਤੇ 2013 ਦੀ ਵਿਧਾਨ ਸਭਾ ਚੋਣ ਵਿੱਚਹਾਰ ਗਏ, ਪਰ 2018 ਵਿੱਚ ਪਾਰਟੀ ਨੇ ਫਿਰ ਟਿਕਟ ਦਿੱਤੀ ਤਾਂਜਿੱਤ ਗਏ ਸਨ। ਸਾਲ 2002 ਵਿੱਚ ਗਰੈਜੁਏਸ਼ਨ ਦੀ ਡਿਗਰੀ ਕਰ ਚੁੱਕੇ ਭੀਮਾ ਪੇਸ਼ੇ ਤੋਂ ਕਿਸਾਨ ਸਨ। ਇਸ ਹੱਤਿਆ ਪਿੱਛੋਂ ਭਾਜਪਾ ਨੇ ਐਮਰਜੈਂਸੀ ਬੈਠਕ ਸੱਦੀ ਅਤੇ ਕੇਂਦਰੀ ਚੋਣ ਕਮਿਸ਼ਨ ਨੇ ਛੱਤੀਸਗੜ੍ਹ ਦੇ ਮੁੱਖ ਚੋਣ ਅਧਿਕਾਰੀ ਤੋਂ ਰਿਪੋਰਟ ਮੰਗੀ ਹੈ।




## ਕੈਨੇਡੀਅਨਾਂ ਨੂੰ ਗੁੰਮਰਾਹ ਕਰਨ ਦੇ ਨਤੀਜੇ ਤਾਂ ਸ਼ੀਅਰ ਨੂੰ ਭੁਗਤਣੇ ਪੈਣਗੇ : ਟਰੂਡੋ

...ਪੰਨਾ 1 ਦਾ ਬਾਕੀ

ਸ਼ੀਅਰ ਇਹ ਵੀ ਆਖ ਚੁੱਕੇ ਹਨ ਕਿ ਉਹ ਆਪਣੇ ਬਿਆਨ ਉੱਤੇ ਕਾਇਮ ਹਨ ਤੇ ਟਰੂਡੋ ਦਾ ਅਦਾਲਤ ਵਿੱਚ ਸਾਹਮਣਾ ਕਰਨ ਲਈ ਤਿਆਰ ਹਨ। ਅਦਾਲਤ ਵਿੱਚ ਸ਼ੀਅਰ ਨੂੰ ਸੰਹੁ ਚੁੱਕ ਕੇ ਗਵਾਹੀ ਦੇਣੀ ਹੋਵੇਗੀ ਤੇ ਇਸ ਦੀ ਲੰਮੇਂ ਸਮੇਂ ਤੋਂ ਕੰਜ਼ਰਵੇਟਿਵਾਂ ਵੱਲੋਂ ਮੰਗ ਕੀਤੀ ਜਾ ਰਹੀ ਹੈ। ਦੂਜੇ ਪਾਸੇ ਟਰੂਡੋ ਦਾ ਕਹਿਣਾ ਹੈ ਕਿ ਜੇ ਸ਼ੀਅਰ ਆਪਣਾ ਬਿਆਨ ਵਾਪਿਸ ਲੈ ਲੈਂਦੇ ਹਨ ਤੇ ਉਨ੍ਹਾਂ ਨੂੰ ਤਸੱਲੀ ਹੋ ਜਾਂਦੀ ਹੈ ਤਾਂ ਉਹ ਇਸ ਕਾਨੂੰਨੀ ਕਾਰਵਾਈ ਦਾ ਵਿਚਾਰ ਛੱਡ ਸਕਦੇ ਹਨ।

## ਫੈਡਰਲ ਸਰਕਾਰ ਵੱਲੋਂ ਲੋਬਲਾਅ ਨੂੰ 12 ਮਿਲੀਅਨ ਡਾਲਰ ਦੇ ਫੰਡ ਮੁਹੱਈਆ ਕਰਵਾਉਣ ਉੱਤੇ ਕਈਆਂ ਨੂੰ ਇਤਰਾਜ਼

...ਪੰਨਾ 1 ਦਾ ਬਾਕੀ

ਖਾਸ ਤੌਰ ਉੱਤੇ ਉਨ੍ਹਾਂ ਨੂੰ ਜਿਨ੍ਹਾਂ ਉੱਤੇ ਓਨਟਾਰੀਓ, ਨਿਊ ਬਰੰਜ਼ਵਿੱਕ, ਸਸਕੈਚਵਨ ਤੇ ਮੈਨੀਟੋਬਾ ਵਾਂਗ ਨਵੇਂ ਕਾਰਬਨ ਟੈਕਸ ਦੀ ਗਾਜ਼ ਡਿੱਗੀ ਹੈ। ਸੀਐਫਆਈਬੀ ਦੀ ਓਨਟਾਰੀਓ ਮਾਮਲਿਆਂ ਦੀ ਡਾਇਰੈਕਟਰ ਜੂਲੀ ਕਵੀਸਿੰਸਕੀ ਨੇ ਆਖਿਆ ਕਿ ਅਸੀਂ ਜਾਣਦੇ ਹਾਂ ਕਿ ਜਦੋਂ ਕਾਰਬਨ ਟੈਕਸ ਦੀ ਗੱਲ ਆਉਂਦੀ ਹੈ ਤਾਂ ਸਾਰਾ ਬੋਝ ਨਿੱਕੇ ਬਿਜ਼ਨਸਾਂ ਉੱਤੇ ਪੈ ਜਾਂਦਾ ਹੈ। ਉਨ੍ਹਾਂ ਆਖਿਆ ਕਿ ਉਨ੍ਹਾਂ ਨੂੰ ਇਹ ਯਕੀਨ ਹੀ ਨਹੀਂ ਹੋ ਰਿਹਾ ਕਿ ਕਿਸ ਤਰ੍ਹਾਂ ਫੈਡਰਲ ਸਰਕਾਰ ਨੇ ਲੋਬਲਾਅ ਵਰਗੀ ਵੱਡੀ ਕੰਪਨੀ ਲਈ ਕਾਰਬਨ ਟੈਕਸ ਦਾ ਮੁੱਦਾ ਆਸਾਨ ਬਣਾ ਦਿੱਤਾ। ਉਨ੍ਹਾਂ ਇਹ ਵੀ ਆਖਿਆ ਕਿ ਇਹ ਕਿਸ ਤਰ੍ਹਾਂ ਜਾਇਜ਼ ਹੈ?

## ਕਸਾਨ ਜਥੇਬੰਦੀ ਨੇ ਮੋਦੀ ਸਰਕਾਰ ਨੂੰ ਵੋਟ ਨਾ ਪਾਉਣ ਦੀ ਅਪੀਲ ਕੀਤੀ

ਨਵੀਂ ਦਿੱਲੀ, 9 ਅਪ੍ਰੈਲ (ਪੋਸਟ ਬਿਊਰੋ)- ਰਾਸ਼ਟਰੀ ਕਿਸਾਨ ਮਹਾਸਭਾ ਨੇ ਕਿਸਾਨਾਂ ਨੂੰ ਇਹ ਅਪੀਲ ਕੀਤੀ ਹੈ ਕਿ ਉਹ ਭਾਜਪਾ ਨੂੰ ਵੋਟ ਨਾ ਪਾਉਣ। ਮਹਾਸਭਾ ਵਿੱਚ 185 ਕਿਸਾਨ ਜਥੇਬੰਦੀਆਂ ਸ਼ਾਮਲ ਹਨ।

ਕਿਸਾਨ ਮਹਾਸਭਾ ਨੇ ਕਿਤਾਬਚਾ ਜਾਰੀ ਕਰ ਕੇ ਨਰਿੰਦਰ ਮੋਦੀ ਕਿਸਾਨ ਵਿਰੋਧੀ ਜਿਸ ਵਿੱਚ ਖੇਤੀ ਦੇ ਮੋਰਚੇ 'ਤੇ ਰਾਸ਼ਟਰੀ ਜਮਹੂਰੀ ਗਠਜੋੜ ਦੀਆਂ ਨਾਕਾਮੀਆਂ ਦਾ ਜ਼ਿਕਰ ਕੀਤਾ ਹੈ। ਕਈ ਕਿਸਾਨ ਆਗੂਆਂ ਨੇ ਪੱਤਰਕਾਰ ਸੰਮੇਲਨ ਵਿੱਚ ਮੋਦੀ ਸਰਕਾਰ ਵਿਰੁੱਧ ਕਿਸਾਨ ਨਾਲ ਧੋਖਾ ਕਰਨ ਦੇ ਦੋਸ਼ ਲਾਏ ਅਤੇ ਕਿਹਾ ਕਿ ਪਿਛਲੇ ਪੰਜ ਸਾਲਾਂ ਵਿੱਚ ਕੇਂਦਰ ਸਰਕਾਰ ਦੇ ਕੰਮ ਕਿਸਾਨਾਂ ਲਈ ਨੁਕਸਾਨਦੇਹ ਰਹੇ। ਪੰਜਾਬ ਦੇ ਜਗਜੀਤ ਸਿੰਘ ਡੱਲੇਵਾਲ ਨੇ ਕਿਹਾ ਕਿ ਆਨਲਾਈਨ ਕੌਮੀ ਖੇਤੀ ਬਾਜ਼ਾਰ ਜਾਂ ਈ-ਨੈਮ, ਮੁਦਰਾ ਸਿਹਤ ਕਾਰਡ ਅਤੇ ਸਿੰਜਾਈ ਯੋਜਨਾ ਕਿਸਾਨਾਂ ਨੂੰ ਕਿਸੇ ਤਰ੍ਹਾਂ ਦਾ ਲਾਭ ਦੇਣ ਵਿੱਚ ਨਾਕਾਮ ਰਹੀਆਂ। ਹਰਿਆਣਾ ਦੇ ਅਭਿਮੰਨਿਊ ਕੋਹਾੜ ਨੇ ਕਿਹਾ, ਇਸ ਕਿਤਾਬਚੇ ਦਾ ਮੁੱਖ ਉਦੇਸ਼ ਕਿਸਾਨਾਂ ਅਤੇ ਨੌਜਵਾਨਾਂ ਨੂੰ ਕਿਸਾਨਾਂ ਦੀ ਕੰਗਾਲੀ ਅਤੇ ਬੇਰੁਜ਼ਗਾਰੀ ਜਿਹੇ ਕੌਮੀ ਅਤੇ ਸਮਾਜਕ ਅਹਿਮੀਅਤ ਦੇ ਮੁੱਦਿਆਂ 'ਤੇ ਗੈਰ ਰਾਜਸੀ ਤਰੀਕੇ ਨਾਲ ਜਾਗਰੂਕ ਕਰਨਾ ਹੈ। ਕੋਹਾੜ ਨੇ ਦਾਅਵਾ ਕੀਤਾ ਕਿ ਮੋਦੀ ਸਰਕਾਰ ਨੇ ਕਿਸਾਨਾਂ ਨੂੰ ਕਰਜ਼ਾ ਮੁਕਤ ਕਰਾਉਣ ਲਈ ਕੋਈ ਕਦਮ ਨਹੀਂ ਚੁੱਕਿਆ, ਪਰ ਇੱਕ ਕਰੋੜਪਤੀ ਦੇ 2.72 ਲੱਖ ਕਰੋੜ ਰੁਪਏ ਮੁਆਫ ਕਰ ਦਿੱਤੇ। ਮੱਧ ਪ੍ਰਦੇਸ਼ ਦੇ ਸ਼ਿਵ ਕੁਮਾਰ ਕਾਕਾਜੀ ਨੇ ਦਾਅਵਾ ਕੀਤਾ ਕਿ ਸੱਤਾਧਿਰ ਭਾਜਪਾ ਸਰਕਾਰ ਨੇ ਕਿਸਾਨ ਵਿਰੋਧੀ 25 ਫੈਸਲੇ ਕੀਤੇ ਜਿਨ੍ਹਾਂ ਵਿੱਚ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਨੂੰ ਲਾਗੂ ਨਾ ਕਰਨ ਵੀ ਸ਼ਾਮਲ ਹੈ।



ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Sodhi |
| Marketing Executives | Priya Sodhi<br>Kamaljeet Kaur |
| Graphic Designer | Satnam Singh |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਮਜੀਠੀਆ ਵੱਲੋਂ 'ਸਤਿ ਸ੍ਰੀ ਅਕਾਲ' ਤੋਂ ਬਾਅਦ 'ਜੈ ਸ੍ਰੀ ਰਾਮ' ਤੱਕ ਦੇ ਨਾਅਰੇ

ਲੁਧਿਆਣਾ, 9 ਅਪ੍ਰੈਲ (ਪੋਸਟ ਬਿਊਰੋ)- ਪੰਥਕ ਅਖਾਉਣ ਵਾਲੇ ਅਕਾਲੀ ਦਲ ਦੀਆਂ ਰੈਲੀਆਂ ਵਿੱਚ ਲੋਕ ਸਭਾ ਚੋਣਾਂ ਦਾ ਅਸਰ ਵੇਖਣ ਨੂੰ ਮਿਲ ਰਿਹਾ ਹੈ। ਉਸ ਦੇ ਆਗੂ ਹਰ ਤਰ੍ਹਾਂ ਵੋਟ ਬੈਂਕ ਪੱਕਾ ਕਰਨ ਲੱਗੇ ਹੋਏ ਹਨ। ਇਹੋ ਕੁਝ ਅਕਾਲੀ ਦਲ ਦੀਆਂ ਰੈਲੀਆਂ ਵਾਲੀਆਂ ਸਟੇਜਾਂ 'ਤੇ ਵੀ ਵੇਖਣ ਨੂੰ ਮਿਲ ਰਿਹਾ ਹੈ, ਜਿਥੇ ਸਟੇਜ 'ਤੇ ਆਉਂਦੇ ਹੀ ਆਗੂਆਂ ਦੇ ਜੈਕਾਰੇ ਹੁਣ 'ਸਤਿ ਸ੍ਰੀ ਅਕਾਲ' ਤੋਂ 'ਜੈ ਸ੍ਰੀ ਰਾਮ' ਤੱਕ ਪੁੱਜ ਗਏ ਹਨ। ਲੁਧਿਆਣਾ 'ਚ ਅਕਾਲੀ ਦਲ ਦੀ ਰੈਲੀ ਦੌਰਾਨ ਸਟੇਜ 'ਤੇ ਪੁੱਜੇ ਹੋਏ ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਵੀ ਅਜਿਹਾ ਹੀ ਕੀਤਾ। ਉਨ੍ਹਾਂ ਪਹਿਲਾਂ 'ਸਤਿ ਸ੍ਰੀ ਅਕਾਲ' ਦਾ ਜੈਕਾਰਾ ਤਾਂ ਲਾਇਆ ਹੀ, ਨਾਲ ਹੀ ਦੋ ਤਿੰਨ ਵਾਰ 'ਜੈ ਸ੍ਰੀ ਰਾਮ' ਦੇ ਜੈਕਾਰੇ ਲਾਉਣੇ ਨਹੀਂ ਭੁੱਲੇ। ਕੱਲ੍ਹ ਲੁਧਿਆਣਾ ਵਿੱਚ ਲੋਕ ਇਨਸਾਫ ਪਾਰਟੀ ਦੇ ਕੈਸ਼ੀਅਰ ਵਿਪਨ ਸੂਦ ਕਾਕਾ ਨੇ ਬੈਂਸ ਭਰਾਵਾਂ ਨੂੰ ਛੱਡ ਕੇ ਅਕਾਲੀ ਦਲ ਵਿੱਚ ਸ਼ਾਮਲ ਹੋਣ ਦਾ ਸਮਾਗਮ ਕੀਤਾ ਸੀ। ਫਿਰੋਜ਼ਪੁਰ ਰੋਡ ਸਥਿਤ ਇਕ ਪੈਲੇਸ ਵਿੱਚ ਰੱਖੇ ਇਸ ਸਮਾਗਮ ਵਿੱਚ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਪੁੱਜੇ, ਜਿਨ੍ਹਾਂ ਹਿੰਦੂ ਆਗੂ ਵਿਪਨ ਸੂਦ ਕਾਕਾ ਨੂੰ ਅਕਾਲੀ ਦਲ ਵਿੱਚ ਜੀ ਆਇਆਂ ਆਖਿਆ। ਇਸ ਦੌਰਾਨ ਸਮਾਗਮ ਵਿੱਚ ਇੱਕਠੇ ਹੋਏ ਆਗੂਆਂ ਨੂੰ ਹਿੰਦੂ ਲੋਕਾਂ ਦੀ ਗਿਣਤੀ ਇਸ ਵਾਰ ਵੱਧ ਸੀ, ਜਿਸ ਨੂੰ ਦੇਖ ਕੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ 'ਜੈ ਸ੍ਰੀ ਰਾਮ' ਦੇ ਕਈ ਜੈਕਾਰੇ ਲਗਾਏ ਤੇ ਫਿਰ ਆਪਣਾ ਭਾਸ਼ਣ ਸ਼ੁਰੂ ਕੀਤਾ।



A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
ਲੇਡੀਜ਼ ਇੰਸਟ੍ਰਕਟਰ
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
647-998-7500 ਬਲਵਿੰਦਰ


# ‘ਰੌਸ਼ਾਨ’ ਆਰੀਅਨਜ਼ ਵਿਸਾਖੀ ਸਮਾਰੋਹ ਸ਼ੁਰੂ

ਰਾਜਪੁਰਾ, 9 ਅਪ੍ਰੈਲ (ਗਿਆਨ ਸਿੰਘ): ਸੱਭਿਆਚਾਰਕ ਐਕਸਟ੍ਰਾਵਗੰਜ਼ਾ ‘ਰੌਸ਼ਾਨ‘ ਅੱਜ ਆਰੀਅਨਜ਼ ਗਰੁੱਪ ਆਫ ਕਾਲਜਿਜ, ਰਾਜਪੁਰਾ ਵਿੱਚ ਵਿਸਾਖੀ ਸਮਾਰੋਹ ਦੇ ਨਾਲ ਸ਼ੁਰੂ ਹੋਇਆ। ਆਰੀਅਨਜ਼ ਕਾਲੇਜ ਆਫ ਇੰਜਨੀਅਰਿੰਗ, ਆਰੀਅਨਜ਼ ਬਿਜਨੈਸ ਸਕੂਲ, ਆਰੀਅਨਜ਼ ਇੰਸਟੀਚਿਊਟ ਆਫ ਮੈਨੇਜਮੈਂਟ ਐਂਡ ਟੈਕਨੋਲਿਜੀ, ਆਰੀਅਨਜ਼ ਇੰਸਟੀਚਿਊਟ ਆਫ ਨਰਸਿੰਗ, ਆਰੀਅਨਜ਼ ਕਾਲੇਜ ਆਫ ਲਾਅ,ਆਰੀਅਨਜ਼ ਕਾਲੇਜ ਆਫ ਐਜੁਕੇਸ਼ਨ, ਆਰੀਅਨਜ਼ ਡਿਗਰੀ ਕਾਲੇਜ, ਆਰੀਅਨਜ਼ ਕਾਲੇਜ ਆਫ ਫਾਰਮੇਸੀ ਦੇ ਵਿਦਿਆਰਥੀਆਂ ਨੇ ਇਸ ਪ੍ਰੋਗਰਾਮ ਵਿੱਚ ਹਿੱਸਾ ਲਿਆ।

ਵਿਦਿਆਰਥੀਆਂ ਨੇ ਹਾੜੀ ਦੇ ਮੌਸਮ ਦਾ ਸਵਾਗਤ ਕਰਨ ਲਈ ਰੰਗ-ਬਰੰਗੇ ਪਰੰਪਰਾਗਤ ਕੱਪੜਿਆਂ ਵਿੱਚ ਆਰੀਅਨਜ਼ ਕੈਂਪਸ ਦੇ ਨੇੜੇ ਸੁਨਿਹਰੇ ਖੇਤਾਂ ਵਿੱਚ ਲਾਈਵ ਢੋਲ ਵਜਾ ਕੇ ਭੰਗੜਾ ਅਤੇ ਗਿੱਧਾ ਕੀਤਾ ਗਿਆ।

ਆਰੀਅਨਜ਼ ਗਰੁੱਪ ਦੇ ਚੇਅਰਮੈਨ ਡਾ. ਅੰਸ਼ੂ ਕਟਾਰੀਆ ਨੇ ਕਿਹਾ ਕਿ 2 ਦਿਨ ਦੇ ਸੱਭਿਆਚਾਰਕ ਸਮਾਰੋਹ ਦੀ ਸਮਾਪਤੀ 10 ਅਪਰੈਲ ਨੂੰ ਹੋਵੇਗੀ। ਜਿਸ ਵਿਚ ਮੰਨੇ-ਪ੍ਰਮੰਨੇ ਪੰਜਾਬੀ ਕਲਾਕਾਰ ਨਿੰਜਾ, ਕਸ਼ਮੀਰੀ ਕਲਾਕਾਰ ਇਸ਼ਫਾਕ ਕਾਵਾ ਆਪਣੇ ਬੈਂਡ ‘‘ਰੂਹ’’ ਦੇ ਨਾਲ; ਬਿਹਾਰ ਤੋਂ ਮੈਥਾਲੀ ਕਲਾਕਾਰ ‘‘ਵਿਕਾਸ ਝਾਂ’’ ਅਤੇ ਆਵਾਜ ਪੰਜਾਬ ਦੀ ਫਾਇਨਲਿਸਟ ‘‘ਕਿਰਨ ਕੌਰ’’ ਵੀ ਲਾਈਵ ਪ੍ਰਫੋਰਮ ਕਰ ਦਰਸ਼ਕਾਂ ਦਾ ਮੰਨੋਰੰਜਨ ਕਰਨਗੇ।

ਭੰਗੜਾਂ, ਗਿੱਧਾ, ਰੈਪ ਵਾਕ, ਬਾਲੀਵੁੱਡ ਡਾਂਸ ਹਿਮਾਚਲੀ ਨਾਟੀ, ਪੰਜਾਬੀ ਕਲਚਰਲ ਡਾਂਸ, ਮਾਈਮ, ਸਕਿੱਟ, ਆਸਾਮੀ ਗੀਤ, ਰਾਜਸਥਾਨੀ ਗੀਤ ਆਦਿ ਖਿੱਚ ਦਾ ਕੇਂਦਰ ਹੋਣਗੇ।




GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648



# ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ। ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? ‘ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ। ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਗਿਆਨ ਗੰਗਾ

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com | 647-739-4641
satsahibusa@gmail.com | 346-714-0224


# ਪਿੰਡ ਚੂੜਵਾਲ ਵਿਚ ਪ੍ਰਕਾਸ਼ ਪੁਰਬ ਨੂੰ ਸਮਰਪਿਤ 550 ਬੂਟੇ ਲਾਉਣ ਦੀ ਸ਼ੁਰੂਆਤ

ਲੁਧਿਆਣਾ, 9 ਅਪ੍ਰੈਲ (ਗਿਆਨ ਸਿੰਘ)-ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪੰਜਾਬ ਪੁਲਿਸ ਦੇ ਏ.ਆਈ.ਜੀ. ਅਡਵਾਈਜ਼ਰ ਟੂ ਡੀ.ਜੀ.ਪੀ. ਪੰਜਾਬ ਪੁਲਿਸ ਸ. ਇਕਬਾਲ ਸਿੰਘ ਗਿੱਲ ਨੇ ਪਿੰਡ ਚੂੜਵਾਲ ਨੇੜੇ ਮਿਹਰਬਾਨ ਵਿਚ ਭਾਈ ਘੱਨ੍ਹਈਆ ਚੈਰੀਟੇਬਲ ਟਰਸਟ ਅਤੇ ਪਬਲਿਕ ਸੇਵਾ ਸੁਸਾਇਟੀ ਸੇਵਾ ਪੰਥੀ ਡੇਰਾ ਬੱਦੋਵਾਲ ਅਤੇ ਪੰਜਾਬੀ ਕਲਚਰਲ ਕੌਂਸਲ ਵੱਲੋਂ ਸਥਾਨਕ ਲੋਕਾਂ ਦੇ ਸਹਿਯੋਗ ਨਾਲ 550 ਬੂਟੇ ਲਗਾ ਕੇ 6ਵੇਂ ਪੜਾਅ ਦੀ ਆਰੰਭਤਾ ਕੀਤੀ । ਇਸ ਮੌਕੇ ਸ. ਇਕਬਾਲ ਸਿੰਘ ਨੇ ਸਹਿਯੋਗੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਅੱਜ ਤੋਂ 500 ਸਾਲ ਪਹਿਲਾਂ ਮਨੁੱਖਤਾ ਨੂੰ ਬਰਾਬਰਤਾ ਦਾ ਸੰਦੇਸ਼ ਦਿੱਤਾ ਅਤੇ ਵਾਤਾਵਰਣ ਦੀ ਸਾਂਭ ਸੰਭਾਂਲ ਲਈ ਪ੍ਰੇਰਿਤ ਕੀਤਾ ਸੀ । ਇਸ ਮੌਕੇ ਭਾਈ ਘੱਨ੍ਹਈਆ ਚੈਰੀਟੇਬਲ ਟਰਸਟ ਦੇ ਮੁੱਖੀ ਸੰਤ ਜਸਪਾਲ ਸਿੰਘ ਬੱਦੋਵਾਲ ਤੇ ਪੰਜਾਬੀ ਕਲਚਰਲ ਕੌਂਸਲ ਦੇ ਵਾਈਸ ਚੇਅਰਮੈਨ ਜਸਵੰਤ ਸਿੰਘ ਛਾਪਾ ਨੇ ਸ. ਇਕਬਾਲ ਸਿੰਘ ਨੂੰ ਸਨਮਾਨ ਚਿੰਨ੍ਹ ਅਤੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ । ਸੰਤ ਜਸਪਾਲ ਸਿੰਘ ਬੱਦੋਵਾਲ ਨੇ ਕਿਹਾ ਕਿ ਫਲ, ਫੁੱਲ ਅਤੇ ਛਾਂਦਾਰ ਬੂਟੇ ਲਗਾ ਕੇ ਆਉਂਦੇ ਦਿਨਾਂ ਵਿਚ ਲਹਿਰ ‘‘ਰੁੱਖ ਬਚਾਓ, ਕੁੱਖ ਬਚਾਓ’’ ਨੂੰ ਘਰ-ਘਰ ਪਹੁੰਚਾਇਆ ਜਾਵੇਗਾ। ਇਸ ਮੌਕੇ ਸਥਾਨਕ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਅੰਗਰੇਜ ਸਿੰਘ, ਰਣਜੀਤ ਸਿੰਘ, ਸਤਨਾਮ ਸਿੰਘ ਮੈਂਬਰ ਪੰਚਾਇਤ, ਮਹਿੰਦਰ ਸਿੰਘ ਕਮੇਟੀ ਮੈਂਬਰ, ਗੁਰਨਾਮ ਸਿੰਘ ਸਾਬਕਾ ਸਰਪੰਚ, ਗੁਰ-ਦੇਵ ਸਿੰਘ, ਪ੍ਰਕਾਸ਼ ਸਿੰਘ, ਸ਼ੁੱਕਰ ਸਿੰਘ, ਬਲਦੇਵ ਸਿੰਘ, ਤੇਜਾ ਸਿੰਘ, ਕਸ਼ਮੀਰਾ ਸਿੰਘ, ਬੂਟਾ ਸਿੰਘ, ਗੁਰਵਿੰਦਰ ਸਿੰਘ, ਪ੍ਰੀਤ ਸਿੰਘ, ਜਸਬੀਰ ਸਿੰਘ ਆਦਿ ਹਾਜ਼ਰ ਸਨ ।




Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976



PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com



# Real Estate Exam Prep

ਰਿਐਲਟਰ ਬਣਨ ਦਾ ਸੁਨਿਹਰੀ ਮੌਕਾ, ਲੰਘ ਗਿਆ ਸਮਾਂ ਹੱਥ ਨਹੀਂ ਆਉਣਾ

**The Rules are changing For Real Estate Licence**

It will become a Full Time College course soon!
To Avoid going to college for 2-3 Years, Join Now

Call: 647-625-7961

Pass each exam in just 2 weeks
- Easy to Understand Material
- Important Practice Questions
- Limited Summarized Material

REAL ESTATE EXAM!

2250 Bovaird Dr E, Unit#407, Medical Building
Behind RBC, Sunny Meadow/Bovaird

# ਲੋਕਾਂ ਨੂੰ ਮੁਫਤਖੋਰੀ ਦੀ ਆਦਤ ਪਾਉਣਾ ਗਰੀਬੀ ਦਾ ਹੱਲ ਨਹੀਂ

-ਪੂਰਨ ਚੰਦ ਸਰੀਨ

ਇਹ ਦੇਸ਼ ਦੀ ਬਦਕਿਸਮਤੀ ਅਤੇ ਤ੍ਰਾਸਦੀ ਹੈ ਕਿ ਜਿੱਥੇ ਇੱਕ ਪਾਸੇ ਭਾਰਤ ਦੁਨੀਆ ਦੀਆਂ ਚਾਰ ਮਹਾ ਸ਼ਕਤੀਆਂ ਵਿੱਚੋਂ ਇੱਕ ਹੈ, ਵਿਕਸਿਤ ਦੇਸ਼ਾਂ ਨਾਲ ਹਿੱਕ ਠੋਕ ਕੇ ਮੁਕਾਬਲਾ ਕਰਨ ਲਈ ਤਿਆਰ ਹੈ, ਆਰਥਿਕ, ਫੌਜੀ, ਸਾਇੰਸ ਅਤੇ ਤਕਨਾਲੋਜੀ ਤੋਂ ਲੈ ਕੇ ਦੇਸ਼ੀ ਤਕਨੀਕ ਤੱਕ ਕਈ ਖੇਤਰਾਂ ਵਿੱਚ ਸਵੈ ਨਿਰਭਰ ਬਣ ਰਿਹਾ ਹੈ, ਉਥੇ ਸੱਤਾਧਾਰੀ ਪਾਰਟੀ ਜਾਂ ਵਿਰੋਧੀ ਪਾਰਟੀਆਂ, ਸਭ ਦੇਸ਼ ਵਾਸੀਆਂ ਨੂੰ ਬੇਚਾਰੇ ਅਤੇ ਜਾਚਕ ਮੰਨਣ ਅਤੇ ਬਣਾਉਣ ਦਾ ਇੱਕ ਵੀ ਅਜਿਹਾ ਮੌਕਾ ਹੱਥੋਂ ਨਹੀਂ ਜਾਣ ਦਿੰਦੀਆਂ, ਜਿਸ ਨਾਲ ਉਹ ਉਨ੍ਹਾਂ ਦੀਆਂ ਵੋਟਾਂ ਦੀ ਫਸਲ ਕੱਟ ਸਕਣ।

ਪਹਿਲਾਂ ਭਾਜਪਾ ਨੇ ਕਿਸਾਨਾਂ ਦੇ ਖਾਤਿਆਂ ਵਿੱਚ ਮੁਫਤ ਦੇ ਪੈਸੇ ਪਾਉਣ ਦੀ ਗੱਲ ਕਹੀ ਤੇ ਫਿਰ ਕਾਂਗਰਸ ਨੇ ਉਨ੍ਹਾਂ ਲੋਕਾਂ ਨੂੰ ਬਿਨਾਂ ਕੋਈ ਕੰਮ ਕੀਤਿਆਂ 72 ਹਜ਼ਾਰ ਰੁਪਏ ਸਾਲਾਨਾ ਦੇਣ ਦੀ ਪੇਸ਼ਕਸ਼ ਕੀਤੀ ਹੈ, ਜਿਨ੍ਹਾਂ ਨੂੰ 'ਗਰੀਬ' ਬਣਾਈ ਰੱਖਣ 'ਚ ਹੀ ਉਸ ਦਾ ਭਲਾ ਹੈ ਤਾਂ ਕਿ ਉਹ ਕਾਂਗਰਸ ਦੇ ਦਿੱਤੇ ਲਾਲਚ ਰੂਪੀ ਝਾਂਸੇ 'ਚ ਆ ਜਾਣ ਤੇ ਉਮਰ ਭਰ ਆਪਣੇ 'ਤੇ ਗਰੀਬ ਹੋਣ ਦਾ ਠੱਪਾ ਲਾਈ ਰੱਖਣ ਲਈ ਮਜਬੂਰ ਹੋ ਜਾਣ।

ਇਹ ਸੱਚਾਈ ਹੈ ਕਿ ਜੇ ਕਿਸੇ ਨੂੰ ਆਪਣਾ ਪਿਛਲੱਗੂ ਬਣਾਈ ਰੱਖਣਾ ਹੈ ਤਾਂ ਉਸ ਉਤੋਂ ਕਦੇ ਗਰੀਬੀ ਦੀ ਚਾਦਰ ਨੂੰ ਹਟਣ ਨਹੀਂ ਦੇਣਾ ਤੇ ਖੈਰਾਤ ਵਾਂਗ ਕੁਝ ਸਿੱਕੇ ਉਸ ਦੀ ਝੋਲੀ 'ਚ ਪਾਉਂਦੇ ਰਹਿਣਾ ਹੈ ਤਾਂ ਕਿ ਉਹ ਹਮੇਸ਼ਾ ਜ਼ਰਖਰੀਦ ਗੁਲਾਮ ਬਣਿਆ ਰਹੇ। ਇਹ ਸੱਤਾ ਦਾ ਕਿਹਾ ਲਾਲਚ ਹੈ ਤੇ ਕਿਹੋ ਜਿਹਾ ਲੋਕਤੰਤਰ ਹੈ, ਜੋ ਲੋਕਾਂ ਨੂੰ ਗਰੀਬ ਬਣੇ ਰਹਿਣ ਲਈ ਉਕਸਾਉਂਦਾ ਹੈ, ਜਦ ਕਿ ਹੋਣਾ ਇਹ ਚਾਹੀਦਾ ਹੈ ਕਿ ਇਹ ਮਾਹੌਲ ਬਣੇ, ਜਿਸ 'ਚ ਗੁਜ਼ਾਰਾ ਚਾਹੇ ਥੋੜ੍ਹੇ 'ਚ ਕਰਨਾ ਪਵੇ, ਪਰ ਕਿਸੇ ਦੇ ਰਹਿਮ 'ਤੇ ਨਾ ਜੀਣਾ ਪਵੇ, ਚਾਹੇ ਉਹ ਸਰਕਾਰ ਹੀ ਕਿਉਂ ਨਾ ਹੋਵੇ।

ਕਹਿੰਦੇ ਹਨ ਕਿ ਜੇ ਕਿਸੇ ਨਾਲ ਦੁਸ਼ਮਣੀ ਕੱਢਣੀ ਹੋਵੇ ਤੇ ਉਸ ਦਾ ਪਰਵਾਰ ਖਤਮ ਕਰਨਾ ਹੋਵੇ ਤਾਂ ਉਸ ਪ੍ਰਤੀ ਹਮਦਰਦੀ ਦਿਖਾ ਕੇ ਉਸ ਨੂੰ ਤੇ ਉਸ ਦੇ ਬੱਚਿਆਂ ਨੂੰ ਮੁਫਤ ਨਸ਼ੇ ਦੀ ਆਦਤ ਪਾ ਦਿਓ। ਸਰਕਾਰ ਹੋਵੇ ਜਾਂ ਕੋਈ ਸਿਆਸੀ ਪਾਰਟੀ, ਉਸ ਵੱਲੋਂ ਬਿਨਾਂ ਗੱਲ ਦੇ ਪੈਸਾ ਵੰਡਣਾ ਤੇ ਉਹ ਵੀ ਸਰਕਾਰੀ ਖਜ਼ਾਨੇ 'ਚੋਂ, ਇੱਕ ਅਜਿਹਾ ਘਿਨੌਣਾ ਅਪਰਾਧ ਹੈ, ਜਿਸ ਦੀ ਸਜ਼ਾ ਕਾਨੂੰਨ ਚਾਹੇ ਨਾ ਦੇ ਸਕਦਾ ਹੋਵੇ, ਪਰ ਇਸ ਦਾ ਨਤੀਜਾ ਸਮਾਜਕ ਵਿਕਾਰ ਦੇ ਰੂਪ ਵਿੱਚ ਜ਼ਰੂਰ ਸਾਹਮਣੇ ਆਉਂਦਾ ਹੈ। ਮਿਸਾਲ ਵਜੋਂ ਸਰਕਾਰ ਗਰੀਬਾਂ, ਪੱਛੜਿਆਂ ਤੇ ਦਲਿਤ ਵਰਗਾਂ ਦੀ ਸਹਾਇਤਾ ਦੇ ਨਾਂਅ 'ਤੇ ਅਣਮਿੱਥੇ ਸਮੇਂ ਦੇ ਰਾਖਵੇਂਕਰਨ ਦੇ ਰੂਪ ਵਿੱਚ, ਸਬਸਿਡੀ ਦੇ ਨਾਂਅ 'ਤੇ ਜਾਂ ਬੈਂਕ ਖਾਤਿਆਂ ਵਿੱਚ ਨਕਦ ਰਕਮ ਜਮ੍ਹਾ ਕਰ ਕੇ ਉਨ੍ਹਾਂ ਨੂੰ ਆਪਣੇ ਗੁਲਾਮ ਬਣਾਉਣ ਦਾ ਕੰਮ ਕਰਦੀ ਹੈ ਤੇ ਉਨ੍ਹਾਂ ਨੂੰ ਸਵੈ ਨਿਰਭਰ ਬਣਨ, ਭਾਵ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਤੋਂ ਰੋਕਦੀ ਹੈ ਕਿਉਂਕਿ ਮੁਫਤਖੋਰੀ ਦੀ ਆਦਤ ਪੈ ਜਾਣ 'ਤੇ ਕੋਈ ਕੰਮ ਕਰਨ ਨੂੰ ਦਿਲ ਨਹੀਂ ਕਰਦਾ।

ਕਰਜ਼ਾ ਮੁਆਫੀ ਵੀ ਇਸੇ ਸ਼੍ਰੇਣੀ ਵਿੱਚ ਆਉਂਦੀ ਹੈ, ਜੋ ਕਰਜ਼ਾ ਲੈਣ ਵਾਲਿਆਂ ਦੀ ਸੋਚ ਨੂੰ ਬੇਈਮਾਨ ਦਿੰਦੀ ਹੈ। ਇਹ ਇੱਕ ਤਰ੍ਹਾਂ ਦਾ ਅਜਿਹਾ ਲਾਵਾ ਹੈ, ਜਿਸ ਵਿੱਚ ਭਿਖਾਰੀ ਵਾਂਗ ਹੱਥ ਨਾ ਫੈਲਾਉਣ ਦੇ ਬਾਵਜੂਦ ਗਰੀਬ ਦੀ ਝੋਲੀ ਵਿੱਚ ਭੀਖ ਡਿਗਦੀ ਰਹਿੰਦੀ ਹੈ। ਕਿਸੇ ਵੀ ਪਾਰਟੀ ਦੀ ਸਰਕਾਰ ਹੋਵੇ, ਉਹ ਟੈਕਸ ਦਾਤਿਆਂ ਦੇ ਪੈਸਿਆਂ ਨਾਲ ਆਪਣਾ ਸੁਆਰਥ ਸਿੱਧ ਕਰਨ ਦਾ ਕੰਮ ਕਰਦੀ ਹੈ। ਇਹ ਟੈਕਸ ਦਾਤਾ ਉਹ ਹਨ, ਜਿਹੜੇ ਜ਼ਿਆਦਾਤਰ ਨੌਕਰੀ ਪੇਸ਼ਾ, ਵਪਾਰੀ ਜਾਂ ਦੁਕਾਨਦਾਰ ਹਨ ਤੇ ਸਮੇਂ ਸਿਰ ਟੈਕਸ ਭਰਦੇ ਹਨ, ਪਰ ਬਦਲੇ 'ਚ ਸਰਕਾਰ ਦੀ ਲੁੱਟ ਦਾ ਸ਼ਿਕਾਰ ਬਣਦੇ ਹਨ, ਜਿਹੜੀ ਉਨ੍ਹਾਂ ਵੱਲੋਂ ਦਿੱਤੇ ਪੈਸੇ ਨੂੰ ਖੈਰਾਤ ਵਿੱਚ ਵੰਡਣ ਵਿੱਚ ਲੱਗੀ ਰਹਿੰਦੀ ਹੈ।

ਸੱਤਾ ਧਿਰ ਹੋਵੇ ਜਾਂ ਵਿਰੋਧੀ ਧਿਰ, ਜਦੋਂ ਉਨ੍ਹਾਂ ਕੋਲ ਨੀਤੀਆਂ ਦਾ ਅਕਾਲ ਪੈ ਜਾਂਦਾ ਹੈ, ਉਦੋਂ ਉਹ ਅਜਿਹੀਆਂ ਯੋਜਨਾਵਾਂ ਬਣਾਉਂਦੀਆਂ ਹਨ, ਜਿਨ੍ਹਾਂ ਦਾ ਕੋਈ ਸਿਰ-ਪੈਰ ਨਹੀਂ ਹੁੰਦਾ, ਪਰ ਲੋਕ ਉਨ੍ਹਾਂ ਨੂੰ ਸੱਚ ਮੰਨ ਕੇ ਉਨ੍ਹਾਂ ਨੂੰ ਆਪਣੀ ਸ਼ੁਭਚਿੰਤਕ ਮੰਨਣ ਦੀ ਗਲਤੀ ਕਰ ਬੈਠਦੇ ਹਨ। ਮਿਸਾਲ ਵਜੋਂ ਭਾਜਪਾ ਨੇ ਇਹ ਜਾਣਦੇ ਹੋਏ ਕਿ ਵਿਦੇਸ਼ਾਂ 'ਚੋਂ ਕਾਲਾ ਧਨ ਵਾਪਸ ਲਿਆਉਣਾ ਲਗਭਗ ਅਸੰਭਵ ਹੈ, ਹਰ ਨਾਗਰਿਕ ਦੇ ਖਾਤੇ ਵਿੱਚ 15 ਲੱਖ ਰੁਪਏ ਪਾਉਣ ਦੀ ਗੱਲ ਕਹਿ ਦਿੱਤੀ।

ਗਰੀਬ ਆਦਮੀ ਅਜਿਹੀਆਂ ਛਲਾਵੇ ਵਾਲੀਆਂ ਗੱਲਾਂ ਨੂੰ ਸਮਝਦਾ ਨਹੀਂ, ਕਿਉਂਕਿ ਅੱਜ ਤੱਕ ਬਣੀਆਂ ਸਾਰੀਆਂ ਸਰਕਾਰਾਂ ਨੇ ਉਸ ਨੂੰ ਪੜ੍ਹਾਈ-ਲਿਖਾਈ ਤੋਂ ਜਿੱਥੋਂ ਤੱਕ ਹੋ ਸਕੇ, ਦੂਰ ਰੱਖਣ ਦਾ ਹੀ ਕੰਮ ਕੀਤਾ ਹੈ। ਉਸ ਨੂੰ ਕੋਈ ਹੁਨਰ ਸਿਖਾਉਣ ਦੀ ਠੋਸ ਨੀਤੀ ਨਹੀਂ ਬਣਾਈ ਤੇ ਉਸ ਦਾ ਆਤਮ ਵਿਸ਼ਵਾਸ ਇਸ ਹੱਦ ਤੱਕ ਡੇਗ ਦਿੱਤਾ ਕਿ ਉਹ ਉਮਰ ਭਰ ਖੁਦ ਨੂੰ ਗਰੀਬੀ ਦੀ ਰੇਖਾ ਤੋਂ ਹੇਠਾਂ ਹੀ ਰੱਖਣ ਲਈ ਮਜਬੂਰ ਹੋ ਗਿਆ। ਸਰਕਾਰ ਅਤੇ ਵਿਰੋਧੀ ਧਿਰ ਦੇ ਇਸ ਬਾਰੇ ਦੋਵੇਂ ਇੱਕੋ ਥੈਲੀ ਦੇ ਚੱਟੇ-ਬੱਟੇ ਸਿੱਧ ਹੋਈਆਂ ਕਿ ਕਿਸ ਤਰ੍ਹਾਂ ਸਰਕਾਰੀ ਧਨ ਦੀ ਦੁਰਵਰਤੋਂ ਕਰ ਕੇ ਆਪਣੇ ਨਿੱਜੀ ਸੁਆਰਥ ਪੂਰੇ ਕੀਤੇ ਜਾਣ। ਮਨਰੇਗਾ 'ਚ ਹੋ ਰਿਹਾ ਭ੍ਰਿਸ਼ਟਾਚਾਰ ਇਸ ਦੀ ਭਖਦੀ ਮਿਸਾਲ ਹੈ, ਜਿਸ 'ਚ ਫਰਜ਼ੀ ਲਾਭ ਪਾਤਰੀਆਂ ਦੇ ਨਾਂਅ 'ਤੇ ਕਰੋੜਾਂ ਰੁਪਏ ਅਧਿਕਾਰੀਆਂ ਤੇ ਨੇਤਾਵਾਂ ਦੀ ਜੇਬ ਵਿੱਚ ਚਲੇ ਜਾਂਦੇ ਹਨ। ਕਾਂਗਰਸ ਵੱਲੋਂ ਨਕਦ ਰਕਮ ਦੇਣ ਦਾ ਕੀਤਾ ਗਿਆ ਐਲਾਨ ਵੀ ਮਨਰੇਗਾ ਦੀ ਅਗਲੀ ਕੜੀ ਹੈ, ਜਿਸ ਵਿੱਚ ਇੱਕ ਵਾਰ ਫਿਰ ਫਰਜ਼ੀਵਾੜੇ ਦੀ ਗੁੰਜਾਇਸ਼ ਹੈ।

ਚਲੋ ਇਸ ਗੱਲ 'ਤੇ ਆਉਂਦੇ ਹਾਂ ਕਿ ਅਜਿਹੀਆਂ ਨੀਤੀਆਂ ਕਿਵੇਂ ਬਣਨ ਕਿ ਗਰੀਬਾਂ ਦੀ ਭਲਾਈ ਵੀ ਹੋਵੇ ਤੇ ਉਨ੍ਹਾਂ ਨੂੰ ਲਾਚਾਰ ਬਣਨ ਦੇ ਅਪਰਾਧ ਤੋਂ ਵੀ ਬਚਾਇਆ ਜਾ ਸਕੇ। ਜਿੱਥੋਂ ਤੱਕ ਕਿਸਾਨ ਦੀ ਗੱਲ ਹੈ, ਡੁੱਬਣ ਕੰਢੇ ਪਹੁੰਚੇ ਅਤੇ ਦਰਮਿਆਨੇ ਕਿਸਾਨ ਨੂੰ ਉਸ ਦੀ ਖੇਤੀ ਲਈ ਲੋੜ ਮੁਤਾਬਕ ਬਿਜਲੀ, ਸਿੰਜਾਈ ਲਈ ਪਾਣੀ, ਉਨਤ ਬੀਜ, ਖਾਦਾਂ ਅਤੇ ਕੀੜੇਮਾਰ ਦਵਾਈਆਂ ਮੁਫਤ ਮੁਹੱਈਆ ਕਰਵਾਈਆਂ ਜਾਣ। ਇਸ ਨਾਲ ਉਹ ਇਨ੍ਹਾਂ ਚੀਜ਼ਾਂ ਵਾਸਤੇ ਕਰਜ਼ਾ ਲੈਣ ਤੋਂ ਬਚ ਜਾਵੇਗਾ ਅਤੇ ਪੂਰਾ ਧਿਆਨ ਖੇਤੀਬਾੜੀ ਵੱਲ ਦੇਵੇਗਾ, ਜਿਸ ਨਾਲ ਵੱਧ ਤੋਂ ਵੱਧ ਫਸਲ ਪੈਦਾ ਕਰ ਸਕੇਗਾ। ਫਸਲ ਤਿਆਰ ਹੋਣ 'ਤੇ ਸਰਕਾਰ ਇੱਕ ਨਿਸ਼ਚਿਤ ਤੇ ਅਗਾਊਂ ਨਿਰਧਾਰਤ ਭਾਅ 'ਤੇ ਖਰੀਦੇ ਅਤੇ ਆਪਣੇ ਕੰਟਰੋਲ ਹੇਠ ਉਸ ਨੂੰ ਮੰਡੀਆਂ ਤੱਕ ਪਹੁੰਚਾਵੇ। ਮੰਡੀਆਂ 'ਚ ਵੀ ਫਸਲ ਵਿਕਣ ਦਾ ਨਿਆਂ ਪੂਰਨ ਪ੍ਰਬੰਧ ਹੋਵੇ ਤੇ ਖਪਤਕਾਰ ਨੂੰ ਇੱਕ ਨਿਸ਼ਚਿਤ ਭਾਅ 'ਤੇ ਅਨਾਜ, ਫਲ, ਸਬਜ਼ੀਆਂ ਆਦਿ ਮਿਲਣ। ਇਹ ਵਿਵਸਥਾ ਸਿਰਫ ਦੋ-ਤਿੰਨ ਸਾਲਾਂ ਤੱਕ ਕਰ ਦਿਓ, ਫਿਰ ਉਸ ਤੋਂ ਬਾਅਦ ਕਿਸਾਨ ਇੰਨਾ ਸਮਰੱਥ ਹੋ ਜਾਵੇਗਾ ਕਿ ਉਹ ਬਿਜਲੀ, ਪਾਣੀ, ਖਾਦ, ਬੀਜਾਂ ਤੇ ਕੀੜੇਮਾਰ ਦਵਾਈਆਂ ਦੀ ਕੀਮਤ ਖੁਦ ਦੇ ਸਕੇਗਾ ਤੇ ਸਵੈ-ਨਿਰਭਰ ਹੋਣ ਵੱਲ ਅੱਗੇ ਵਧ ਸਕੇਗਾ। ਖੇਤੀ ਵਿਵਸਥਾ ਨੂੰ ਮਜ਼ਬੂਤ ਕਰਨ ਦੇ ਨਾਲ ਗਰੀਬ ਆਦਮੀ ਨੂੰ ਰੋਜ਼ਗਾਰ ਦੇਣ ਲਈ ਉਹ ਯੋਜਨਾਵਾਂ ਸ਼ੁਰੂ ਹੋਣ, ਜਿਨ੍ਹਾਂ ਨਾਲ ਇੱਕ ਪਾਸੇ ਦਿਹਾਤੀ ਅਤੇ ਸ਼ਹਿਰੀ ਬੁਨਿਆਦੀ ਢਾਂਚਾ ਤਿਆਰ ਹੋਵੇ ਤਾਂ ਦੂਜੇ ਪਾਸੇ ਅਜਿਹੇ ਉਦਯੋਗ-ਕਾਰੋਬਾਰ ਸਥਾਪਤ ਹੋਣ, ਜਿਨ੍ਹਾਂ ਵਿੱਚ ਆਧੁਨਿਕ ਤਕਨਾਲੋਜੀ ਦਾ ਨਿਵੇਸ਼ ਹੋਵੇ ਤੇ ਉਸ ਦੇ ਲਈ ਸਿਖਿਅਤ ਨੌਜਵਾਨਾਂ ਦੀ ਹਿੱਸੇਦਾਰੀ ਯਕੀਨੀ ਹੋਵੇ।

ਚੀਨ ਸਾਡਾ ਵਿਰੋਧੀ ਅਤੇ ਝਗੜਾਲੂ ਗੁਆਂਢੀ ਹੈ, ਪਰ ਉਸ ਅੰਦਰ ਕੁਝ ਚੰਗਿਆਈਆਂ ਵੀ ਹਨ, ਜਿਨ੍ਹਾਂ ਨਾਲ ਉਹ ਅੱਜ ਵਿਸ਼ਵ ਬਾਜ਼ਾਰ ਵਿੱਚ ਘਰੇਲੂ ਅਤੇ ਵਪਾਰਕ ਵਸਤਾਂ ਦੀ ਖਪਤ ਵਧਾਉਣ ਵਿੱਚ ਸਫਲ ਰਿਹਾ ਹੈ। ਅੱਜ ਦੁਨੀਆ ਭਰ ਵਿੱਚ 'ਮੇਡ ਇਨ ਚਾਈਨਾ' ਦਾ ਬੋਲਬਾਲਾ ਹੈ। ਅਸੀਂ ਅਕਸਰ ਚੀਨ ਦੀਆਂ ਭਾਰਤ ਵਿਰੋਧੀ ਹਰਕਤਾਂ ਦੀ ਪ੍ਰਤੀਕਿਰਿਆ ਚੀਨੀ ਸਾਮਾਨ ਦੇ ਬਾਈਕਾਟ ਨਾਲ ਕਰਦੇ ਹਾਂ। ਇਸ ਨੂੰ ਜ਼ਰਾ ਉਲਟ ਕੇ ਦੇਖੋ। ਚੀਨ ਨੇ ਵਿਸ਼ਵ ਬਾਜ਼ਾਰ 'ਤੇ ਕਬਜ਼ਾ ਕੋਈ ਇੱਕ ਦਿਨ ਵਿੱਚ ਨਹੀਂ ਕੀਤਾ, ਸਗੋਂ ਇਹ ਉਸ ਦੀਆਂ ਨੀਤੀਆਂ ਦੀ ਸਫਲਤਾ ਹੈ। ਚੀਨ ਨੇ ਸਾਡੇ ਵਾਂਗ ਆਪਣੀ ਆਬਾਦੀ ਨੂੰ ਬੋਝ ਸਮਝ ਕੇ ਉਸ 'ਤੇ ਰਹਿਮ ਨਹੀਂ ਕੀਤਾ, ਨਾ ਲੋਕਾਂ ਨੂੰ ਪੈਸੇ ਦਾ ਲਾਲਚ ਦਿੱਤਾ, ਨਾ ਉਨ੍ਹਾਂ ਨੂੰ ਗਰੀਬ, ਜਾਚਕ ਸਮਝਿਆ, ਸਗੋਂ ਇਹ ਯਕੀਨੀ ਬਣਾਇਆ ਕਿ ਹਰ ਆਦਮੀ ਨੂੰ ਦੇਸ਼ ਦੇ ਸੋਮਿਆਂ ਦੇ ਵਿਕਾਸ ਲਈ ਆਪਣਾ ਯੋਗਦਾਨ ਪਾਉਣਾ ਪੈਣਾ ਹੈ, ਕਿਸੇ ਨੂੰ ਕੁਝ ਵੀ ਮੁਫਤ ਨਹੀਂ ਮਿਲੇਗਾ। ਉਥੇ ਸਾਰਿਆਂ ਨੂੰ ਤੈਅ ਸਮੇਂ 'ਚ ਕੰਮ ਕਰਨਾ ਪੈਂਦਾ ਹੈ, ਜੋ ਉਨ੍ਹਾਂ ਨੂੰ ਸੌਂਪਿਆ ਹੋਵੇ। ਉਥੇ ਵਿਅਕਤੀ ਦੀ ਆਪਣੀ ਇੱਛਾ ਦੀ ਬਜਾਏ ਦੇਸ਼ ਦੀ ਲੋੜ ਨੂੰ ਤਰਜੀਹ ਦਿੱਤੀ ਜਾਂਦੀ ਹੈ।

ਜੇ ਸਾਨੂੰ ਚੀਨ ਦੀ ਸਿਖਿਆ ਬੁਰੀ ਲੱਗਦੀ ਹੋਵੇ ਤਾਂ ਆਪਣੇ ਇਥੋਂ ਦੇ ਚਾਣਕਿਆ ਦੀ ਹੀ ਗੱਲ ਸਮਝ ਲਓ, ਜਿਨ੍ਹਾਂ ਦੇ ਸਮੇਂ ਵਿੱਚ ਭਾਰਤ 'ਸੋਨੇ ਦੀ ਚਿੜੀਆ' ਅਖਵਾਉਂਦਾ ਸੀ। ਜੇ ਭਾਰਤ ਨੂੰ ਅੱਗੇ ਵਧਾਉਣਾ ਹੈ ਤਾਂ ਦੇਸ਼ ਵਾਸੀਆਂ ਨੂੰ ਭਿਖਾਰੀ, ਜਾਚਕ ਜਾਂ ਮੁਫਤਖੋਰ ਮੰਨਣ ਦੀ ਬਜਾਏ ਬਰਾਬਰੀ ਦਾ ਅਸਲੀ ਅਧਿਕਾਰ ਦੇਣਾ ਪਵੇਗਾ।

# ਗਈ ਜਵਾਨੀ ਰੁੜਪੁੜ ਜਾਣੀ

-ਮਲਕੀਤ ਦਰਦੀ

ਜਵਾਨੀ ਵੇਲੇ ਸਰੀਰ ਵਿੱਚ ਨਸ਼ਾ ਹੀ ਅਜਿਹਾ ਹੁੰਦਾ ਹੈ ਕਿ ਬੰਦਾ ਸੋਚਦਾ ਘੱਟ ਅਤੇ ਹਰਕਤ ਕਰਨ ਲੱਗਿਆਂ ਅੱਖ ਨਹੀਂ ਝਪਕਣ ਦਿੰਦਾ। ਅਲਗਰਜ਼ ਬੰਦੇ ਨੂੰ ਕਹਾਵਤਾਂ ਨਾਲ ਸਮਝਾਉਂਦੇ ਹਨ ਕਿ ਜਵਾਨੀ ਭੇਡ ਉੱਤੇ ਵੀ ਆਉਂਦੀ ਹੈ, ਤੇਰੇ ਉੱਤੇ ਅਨੋਖਾ ਨਹੀਂ ਆਈ, ਪਰ ਅਮੀਰਾਂ ਅਤੇ ਗਰੀਬਾਂ ਦੀ ਜਵਾਨੀ 'ਚ ਫਰਕ ਹੁੰਦਾ ਹੈ। ਗਰੀਬ ਘਰ ਦਾ ਮੁੰਡਾ ਪਹਿਲਾਂ ਢਿੱਡ ਬਾਰੇ ਸੋਚਦਾ ਹੈ। ਮੈਂ ਵੀ ਗਰੀਬ ਘਰ ਜੰਮਿਆ-ਪਲਿਆ ਹਾਂ। ਬਾਪੂ ਮਾਮਲੇ ਵਟਾਈ ਦੀ ਖੇਤੀ ਕਰਦਾ ਸੀ। ਉਸ ਨੇ ਸਵੇਰੇ ਚਾਰ-ਪੰਜ ਵਜੇ ਜੋੜੀ ਜੋੜ ਕੇ ਮੈਨੂੰ ਖੂਹ ਜੋੜਨ ਨੂੰ ਕਹਿ ਦੇਣਾ। ਫਿਰ ਉਸ ਨੇ ਚਾਹ ਲੈ ਕੇ ਆਉਣਾ ਤੇ ਆਪ ਬਲਦ ਹੱਕਣੇ ਅਤੇ ਮੈਂ ਘਰ ਆ ਕੇ ਤਿਆਰ ਹੋ ਕੇ ਸਕੂਲ ਜਾਣਾ। ਕਈ ਵਾਰ ਦੇਰੀ ਹੋ ਜਾਣੀ ਤਾਂ ਮਾਸਟਰਾਂ ਤੇ ਡੰਡੇ ਖਾਣੇ ਪੈਂਦੇ। ਜੇ ਖੂਹ ਜੋੜਨ ਦੀ ਵਾਰੀ ਨਾ ਹੁੰਦੀ ਤਾਂ ਤੜਕੇ ਮੱਝਾਂ ਦੀਆਂ ਧਾਰਾਂ ਕੱਢ ਕੇ ਮੈਨੂੰ ਬਾਲਟੀ ਭਰ ਕੇ ਫੜਾ ਦੇਣੀ ਅਤੇ ਮੈਂ ਵੱਡੇ ਦਰਵਾਜ਼ੇ ਮੂਹਰੇ ਬਣੇ ਥੜ੍ਹੇ ਉਪਰ ਬੈਠ ਕੇ ਵੇਚਣਾ। ਉਦੋਂ ਰੁਪਈਏ ਦਾ ਦੁੱਧ ਕੋਈ ਸਰਦੇ ਪੁੱਜਦੇ ਘਰ ਵਾਲਾ ਲੈਂਦਾ ਸੀ। ਆਮ ਤੌਰ ਤੇ ਚੁਆਨੀ ਦਾ ਪਾਈਆਂ ਦੁੱਧ ਲੈਣ ਵਾਲੇ ਹੀ ਆਉਂਦੇ।

ਮੈਂ ਦਿਨ ਚੜ੍ਹੇ ਤੋਂ ਪਹਿਲਾਂ ਹੀ ਦਿਹਾੜੀ ਬਣਾ ਲੈਂਦਾ ਸੀ, ਪਰ ਸਕੂਲ ਦਾ ਖਰਚਾ ਬਾਪੂ ਤੋਂ ਮੰਗਣਾ ਪੈਂਦਾ ਕਿਉਂਕਿ ਪੈਸਿਆਂ ਦੀ ਚੋਰੀ ਕਰਨ ਦੀ ਆਦਤ ਨਹੀਂ ਸੀ। ਫਿਰ ਬਾਪੂ ਦੀਆਂ ਲੜਾਈਆਂ ਅਤੇ ਸ਼ਰਾਬ ਕੱਢਣ ਦੀ ਆਦਤ ਨੇ ਖੇਤੀ ਛੁਡਵਾ ਦਿੱਤੀ। ਕਈ ਤਰ੍ਹਾਂ ਦੇ ਪਾਪੜ ਵੇਲਣ ਤੋਂ ਬਾਅਦ ਮੱਝਾਂ ਦੀ ਦਲਾਲੀ ਕਰਨ ਲੱਗ ਪਿਆ। ਜਦੋਂ ਮੈਂ ਹਾਈ ਸਕੂਲ ਪੜ੍ਹਦਾ ਸੀ ਤਾਂ ਆਪਣੇ ਰਚੇ ਲਈ ਦੁਪਹਿਰ ਦੀ ਛੁੱਟੀ ਤੋਂ ਬਾਅਦ ਜੱਟਾਂ ਦੇ ਜੋਤਾ ਲਾਉਣਾ ਪੈਂਦਾ ਸੀ। ਹੱਥੀਂ ਕਿਰਤ ਕਰਨ ਦੀ ਆਦਤ ਪਹਿਲਾਂ ਹੀ ਪੈ ਗਈ ਸੀ। ਲਵੇਰੀ ਆਮ ਹੋਣ ਕਰ ਕੇ ਦੁੱਧ ਪੀਣ ਨੂੰ ਮਿਲ ਜਾਂਦਾ ਸੀ। ਕੁਝ ਦੁੱਧ ਦੋਧੀ ਨੂੰ ਵੇਚ ਦਿੰਦੇ ਸੀ, ਪਰ ਬਾਪੂ ਦੀ ਇੱਕ ਸਿਫਤ ਸੀ ਕਿ ਉਹ ਚੜ੍ਹਦੇ ਸਿਆਲ ਹੀ ਦੋਧੀ ਕੋਲੋਂ ਕੁਇੰਟਲ ਦੁੱਧ ਲੈ ਕੇ ਸਾਨੂੰ ਸਾਰੇ ਭੈਣ ਭਰਾਵਾਂ ਨੂੰ ਖੋਆ ਜ਼ਰੂਰ ਬਣਾ ਕੇ ਦਿੰਦਾ ਸੀ। ਉਸ ਖੋਏ ਦੀਆਂ ਪਿੰਨੀਆਂ ਸਾਰੇ ਭੈਣ-ਭਰਾ ਸਵੇਰੇ ਚਾਹ ਨਾਲ ਖਾਂਦੇ।

ਮੇਰਾ ਸਰੀਰ ਛਾਂਟਵਾਂ ਬਣ ਗਿਆ। ਹੋਰ ਮੁੰਡਿਆਂ ਨਾਲ ਰਲ ਕੇ ਵਿਹੜੇ ਵਾਲਿਆਂ ਦੀ ਕਬੱਡੀ ਦੀ ਟੀਮ ਬਣਾ ਲਈ। ਕਬੱਡੀ ਖੇਡਣ ਲਈ ਸਾਰੇ ਮੁੰਡਿਆਂ ਨੇ ਰਲ ਕੇ ਆਪ ਕਹੀਆਂ ਨਾਲ ਅਖਾੜਾ ਬਣਾਉਣਾ। ਇੱਕ ਵਾਰੀ ਪਿੰਡ ਹੋਏ ਖੇਡ ਮੇਲੇ 'ਚ ਪਿੰਡ ਦੀ ਸਾਂਝੀ ਟੀਮ ਨੂੰ ਹਰਾ ਦਿੱਤਾ। ਉਹ ਸ਼ੀਲਡ ਹਾਲੇ ਵੀ ਮੈਂ ਸਾਂਭ ਕੇ ਰੱਖੀ ਹੈ। ਇੱਕ ਵਾਰੀ ਘੁੰਡਾਣੀ ਕਲਾਂ ਖੇਡਣ ਗਏ। ਉਦੋਂ ਦੂਰੋਂ ਆਈ ਟੀਮ ਲਈ ਰਾਤ ਦੀ ਰਿਹਾਇਸ਼ ਦਾ ਪ੍ਰਬੰਧ ਹੁੰਦਾ ਸੀ। ਖੇਡ ਮੇਲੇ ਦੀ ਸਮਾਪਤੀ ਉਪਰੰਤ ਅਗਲੇ ਪਿੰਡਾਂ ਦੀਆਂ ਖੇਡਾਂ ਦਾ ਐਲਾਨ ਹੋ ਜਾਂਦਾ ਸੀ। ਅਸੀਂ ਉਸ ਪਿੰਡ ਨੂੰ ਚਾਲੇ ਪਾ ਦਿੰਦੇ। 10-12 ਦਿਨ ਘਰੇ ਨਾ ਮੁੜਦੇ। ਇੱਕ ਵਾਰ ਸਾਹਨੇਵਾਲ ਖੇਡਣ ਗਏ। ਇਨਾਮਾਂ ਦੀ ਵੰਡ ਸ਼ਾਮ ਨੂੰ ਹੋਣੀ ਸੀ। ਅਸੀਂ ਰਾਤ ਦੀ ਗੱਡੀ ਦੋਰਾਹੇ ਤੋਂ ਫੜਨ ਦਾ ਫੈਸਲਾ ਕਰ ਲਿਆ। ਕੁਦਰਤੀ ਸਾਡੀ ਟੀਮ ਦੇ ਮੈਂਬਰ ਨੂੰ ਰਾਮਗੜ੍ਹ ਦਾ ਦੋਸਤ ਮਿਲ ਗਿਆ। ਉਸ ਨੇ ਸਾਨੂੰ ਆਪਣੇ ਪਿੰਡ ਰਹਿਣ ਦਾ ਸੱਦਾ ਦੇ ਦਿੱਤਾ। ਅਸੀਂ ਇਨਾਮ ਲੈਣ ਤੋਂ ਬਾਅਦ ਗਾਇਕ ਜੋੜੀ ਦਾ ਅਖਾੜਾ ਸੁਣਿਆ।

ਸਾਹਨੇਵਲ ਤੋਂ ਰਾਮਗੜ੍ਹ ਦਾ ਸੜਕ ਰਸਤੇ ਨਾਲੋਂ ਕੱਚਾ ਰਾਹ ਨੇੜੇ ਪੈਂਦਾ ਸੀ। ਅਸੀਂ ਕੱਚੇ ਰਾਹ ਪੈ ਗਏ। ਪੈਰਾਂ 'ਚ ਰੇਤਾ ਰੜਕਦਾ। ਥੱਕੇ-ਟੁੱਟੇ ਰਾਮਗੜ੍ਹ ਪਹੁੰਚੇ। ਮੁੰਡੇ ਦਾ ਘਰ ਪੁੱਛਿਆ। ਜਦੋਂ ਉਸ ਮੁੰਡੇ ਦੇ ਘਰ ਹਾਕ ਮਾਰੀ ਤਾਂ ਮੁੰਡੇ ਦੀ ਮਾਂ ਕਹਿਣ ਲੱਗੀ ਕਿ ਉਸ ਦਾ ਮੁੰਡਾ ਦੋ ਦਿਨ ਹੋ ਗਏ ਕਿਸੇ ਰਿਸ਼ਤੇਦਾਰੀ 'ਚ ਗਿਆ ਹੈ। ਭੁੱਖਣ-ਭਾਣੇ ਉਨ੍ਹੀਂ ਪੈਰੀਂ ਵਾਪਸ ਮੁੜੇ। ਸਾਰਿਆਂ ਦੇ ਮੂੰਹਾਂ 'ਤੇ ਉਦਾਸੀ ਸੀ। ਮੁੜ ਉਸੇ ਰਾਹ ਰੇਲਵੇ ਸਟੇਸ਼ਨ ਆ ਗਏ ਅਤੇ ਬੈਂਚਾਂ ਤੇ ਪੈ ਗਏ। ਸਵੇਰੇ ਉਠ ਕੇ ਗੱਡੀ ਚੜ੍ਹ ਕੇ ਪਹਿਲਾਂ ਲੁਧਿਆਣਾ ਅਤੇ ਫਿਰ ਪਿੰਡ ਪਹੁੰਚੇ।

ਜਵਾਨੀ ਵੇਲੇ ਦੀ ਇੱਕ ਸ਼ਰਾਰਤ ਚੇਤੇ ਆ ਗਈ। ਉਸ ਸਮੇਂ ਜੇ ਕਿਸੇ ਵਿਦਿਆਰਥੀ ਨੇ ਸਕੂਲੋਂ ਛੁੱਟੀ ਲੈਣੀ ਹੁੰਦੀ ਸੀ ਤਾਂ ਅਰਜ਼ੀ ਤੇ ਮਾਂ ਜਾਂ ਪਿਓ ਦੇ ਦਸਖਤ ਹੁੰਦੇ ਸਨ। ਮੇਰੇ ਬਾਪੂ ਨੂੰ ਉਰਦੂ ਆਉਂਦੀ ਸੀ। ਇੱਕ ਦਿਨ ਮੈਂ ਬਾਪੂ ਨੂੰ ਕਿਹਾ ਕਿ ਮੈਨੂੰ ਆਪਣਾ ਨਾਂ ਉਰਦੂ ਵਿੱਚ ਪਾ ਕੇ ਦਿਖਾ। ਬਾਪੂ ਨੇ ਲਿਖ ਦਿੱਤਾ। ਮੈਂ ਉਵੇਂ ਲਿਖ-ਲਿਖ ਕੇ ਪਕਾ ਲਿਆ। ਜਦੋਂ ਛੁੱਟੀ ਲੈਣੀ ਹੁੰਦਾ ਤਾਂ ਅਰਜ਼ੀ 'ਤੇ ਉਵੇਂ ਅੱਖਰ ਪਾ ਦੇਣੇ। ਨਾ ਅੱਖਰਾਂ ਦਾ ਮਾਸਟਰਾਂ ਨੂੰ ਪਤਾ ਹੁੰਦਾ, ਨਾ ਮੈਨੂੰ। ਮੇਰੀ ਛੁੱਟੀ ਮਨਜ਼ੂਰ ਹੁੰਦੀ ਸੀ। ਦਹਿਸ਼ਤੀ ਦਰਿੰਦਿਆਂ ਦੀਆਂ ਖਬਰਾਂ ਪੜ੍ਹ ਕੇ ਮੈਨੂੰ ਪੰਤਾਲੀ ਸਾਲ ਪਹਿਲਾਂ ਦੀ ਘਟਨਾ ਯਾਦ ਆ ਗਈ। ਉਦੋਂ ਜਟਾਣੇ ਪਿੰਡ 'ਚ ਭੂਚਾਲ ਆਇਆ ਸੀ। ਮੇਰੀ ਹਿੱਸੇਵਾਲ ਵਾਲੀ ਭੂਆ ਦਾ ਮੁੰਡਾ ਹਰਚੰਦ ਸਾਡੇ ਪਿੰਡ ਆਇਆ ਸੀ। ਉਸ ਦੀ ਸਹੁਰਿਆਂ ਵੱਲੋਂ ਉਥੇ ਕੋਈ ਰਿਸ਼ਤੇਦਾਰੀ ਸੀ। ਸਬੱਬ ਨਾਲ ਮੇਰੇ ਤਾਏ ਦਾ ਮੁੰਡਾ ਅਮਰੀਕ ਸਿੰਘ ਵੀ ਉਥੇ ਵਿਆਹਿਆ ਸੀ। ਮੈਂ ਛੋਟੇ ਤਾਏ ਦੇ ਮੁੰਡੇ ਹਾਕਮ ਨੂੰ ਤਿਆਰ ਕਰ ਲਿਆ। ਅਸੀਂ ਤਿੰਨੇ ਜਣੇ ਸਾਈਕਲਾਂ 'ਤੇ ਜਟਾਣੇ ਪਿੰਡ ਵੱਲ ਚੱਲ ਪਏ। ਉਥੇ ਜਾ ਕੇ ਘਰਾਂ ਦੀ ਹਾਲਤ ਦੇਖੀ ਤਾਂ ਦਰਦਨਾਕ ਮੰਜ਼ਰ ਸੀ। ਬਿਜਲੀ ਦੇ ਖੰਭੇ ਘਾਹ ਦਿਆਂ ਤੀੜਾਂ ਵਾਂਗ ਧਰਤੀ 'ਤੇ ਵਿਛੇ ਹੋਏ ਸਨ। ਜਦੋਂ ਰਿਸ਼ਤੇਦਾਰ ਦੀ ਖਬਰ ਲੈ ਕੇ ਸੜਕ ਲਾਗੇ ਗੁਰਦੁਆਰੇ ਕੋਲ ਪਹੁੰਚੇ ਤਾਂ ਗੁਰਦੁਆਰੇ ਦੀ ਇਮਾਰਤ ਸਹੀ ਸਲਾਮਤ ਸੀ। ਇਹ ਵੀ ਗੱਲ ਹੈ ਕਿ ਭੂਚਾਲ ਸਿਰਫ ਇੱਕੋ ਪਿੰਡ ਆਇਆ ਸੀ।

ਵਾਪਸ ਮੁੜ ਕੇ ਜਦੋਂ ਰਾਮਗੜ੍ਹ ਪਿੰਡ ਕੋਲੋਂ ਲੰਘਣ ਲੱਗੇ ਤਾਂ ਹਰਚੰਦ ਦੇ ਸਹੁਰਿਆਂ ਦੀ ਇਥੇ ਵੀ ਰਿਸ਼ਤੇਦਾਰੀ ਸੀ। ਉਸ ਨੇ ਸੋਚਿਆ ਕਿ ਜਾਂਦੇ ਮਿਲ ਚੱਲੀਏ। ਜਦੋਂ ਉਨ੍ਹਾਂ ਦੇ ਘਰ ਪਹੁੰਚੇ ਤਾਂ ਘਰਦਿਆਂ ਨੂੰ ਚਾਅ ਚੜ੍ਹ ਗਿਆ। ਸਾਨੂੰ ਉਨ੍ਹਾਂ ਨੇ ਰਾਤ ਰਹਿਣ ਨੂੰ ਮਜਬੂਰ ਕਰ ਦਿੱਤਾ ਤੇ ਚੰਗੀ ਆਉਭਗਤ ਕੀਤੀ। ਦੂਜੇ ਦਿਨ ਉਨ੍ਹਾਂ ਦਾ ਮੁੰਡਾ ਸਾਨੂੰ ਤੋਰਨ ਆਇਆ।

# ਵਿਅੰਗ ਬੁਢਾਪੇ ਦੀਆਂ ਯਾਦਾਂ

-ਕੇ ਐੱਲ ਗਰਗ

ਬੁੱਢੇ ਵਾਰੇ ਬੰਦੇ ਨੂੰ ਆਪਣੀ ਜਵਾਨੀ ਸਭ ਤੋਂ ਵੱਧ ਯਾਦ ਆਉਂਦੀ ਹੈ। ਦੁਖ ਰਹੇ ਗੋਡਿਆਂ 'ਤੇ ਹੱਥ ਧਰ ਕੇ ਉਠਣ ਦਾ ਯਤਨ ਕਰਦਿਆਂ ਹਮੇਸ਼ਾ ਇਹੋ ਡਾਇਲਾਗ ਮਾਰਦਾ ਹੈ, "ਹਾਏ ਨੀ ਜੁਆਨੀਏ, ਮਾਰ ਸੁੱਟਿਆ ਇਸ ਬੁਢਾਪੇ ਨੇ।"

ਅਸੀਂ ਬਾਬੇ ਬੰਤੂ ਨੂੰ ਪੁੱਛਦੇ ਹਾਂ, 'ਬਾਬਾ ਜੀ, ਤੁਸੀਂ ਹਮੇਸ਼ਾ ਜਵਾਨੀ ਨੂੰ ਸਲਾਹੁੰਦੇ ਅਤੇ ਬੁਢਾਪੇ ਨੂੰ ਨਿੰਦਦੇ ਕਿਉਂ ਰਹਿੰਦੇ ਹੋ? ਬੁਢਾਪੇ ਦੀ ਜਿਵੇਂ ਕਹਿੰਦੇ ਆ, ਆਪਣੀ ਸ਼ਾਨ ਹੁੰਦੀ ਆ। ਤੁਸੀਂ ਉਹ ਗੀਤ ਸੁਣਿਆ ਹੋਣਾ, 'ਆ ਜਵਾਨੀ ਰੁੜ੍ਹ-ਪੁੜ੍ਹ ਜਾਣੀ, ਜਿਉਂ ਪੱਤਣਾਂ ਦਾ ਪਾਣੀ, ਇਸ ਨੇ ਨਹੀਂ ਟਿਕਣਾ, ਹੋਜੂ ਖਤਮ ਕਹਾਣੀ, ਇਸ ਨੇ ਨਹੀਂ ਟਿਕਣਾ।'

ਸੁਣ ਕੇ ਬਾਬਾ ਬੰਤੂ ਭੋਲਾ ਜਿਹਾ ਮੂੰਹ ਬਣਾ ਕੇ ਜਵਾਬ ਦਿੰਦਾ ਹੈ, 'ਕਾਕਾ ਜਵਾਨੀ ਬਹੁਤੀ ਦੇਰ ਬੰਦੇ ਕੋਲ ਟਿਕਦੀ ਨੀਂ, ਜਲਦੀ ਸਾਥ ਛੱਡ ਜਾਂਦੀ ਹੈ, ਪਰ ਬੁਢਾਪਾ ਬੰਦੇ ਦਾ ਸਾਥ ਸਿਵਿਆਂ ਤੱਕ ਦਿੰਦਾ ਹੈ। ਚੰਮ ਜੁੰਆਂ ਵਾਂਗ ਚਿੰਮੜ ਜਾਂਦੈ ਬੰਦੇ ਨੂੰ। ਹਮੇਸ਼ਾ ਕੋਲ ਰਹਿਣ ਵਾਲੀ ਚੀਜ਼ ਤੋਂ ਬੰਦਾ ਅੱਕ ਜਾਂਦੈ। ਜਿਵੇਂ ਆਪਣੀ ਘਰ ਵਾਲੀ ਦੇ ਮੁਕਾਬਲੇ ਦੂਸਰੀਆਂ ਤੀਵੀਆਂ ਬੰਦੇ ਨੂੰ ਵੱਧ ਚੰਗੀਆਂ ਲੱਗਦੀਆਂ ਹੁੰਦੀਆਂ ਨੇ।'

ਆਖਦਿਆਂ, ਬਾਬਾ ਬੰਤੂ ਦੀਆਂ ਚਟਿਆਈ ਮਾਰੀਆਂ ਅੱਖਾਂ ਮਿੰਨ੍ਹਾ ਮਿੰਨ੍ਹਾ ਮੁਸਕਰਾਉਣ ਲੱਗ ਪਈਆਂ ਸਨ।

ਬੁੱਢੇ ਨੂੰ ਜਵਾਨੀ ਬਾਰੇ ਜਦੋਂ ਕੋਈ ਹੋਰ ਯਾਦ ਕਰਵਾਏ ਤਾਂ ਸਮਝੋ ਬੁੱਢਾ ਆਦਮੀ ਕੇਰਾਂ ਪੀਂਘ ਝੂਟਣ ਵਾਂਗ ਹੁਲਾਰੇ ਲੈਣ ਲੱਗਦਾ ਹੈ। ਉਸ ਦੇ ਠੰਢੇ ਜਿਸਮ 'ਚ ਕੋਸੀਆਂ ਹਵਾਵਾਂ ਹਵਾਵਾਂ ਵਗਣ ਲੱਗਦੀਆਂ ਹਨ। ਬਾਬੇ ਬੰਤੂ ਦੀ ਸਭ ਤੋਂ ਛੋਟੀ ਸਾਲੀ ਜਦੋਂ ਹੱਥ ਪਟਕਾ-ਪਟਕਾ ਕਹਿੰਦੀ ਹੈ, 'ਜੀਜਾ, ਵਿਆਹ ਵੇਲੇ ਤੇਰੇ ਉਤੇ ਕੋਈ ਰੂਪ ਚੜ੍ਹਿਆ ਸੀ, ਪਿੰਡ ਦੀਆਂ ਕੁੜੀਆਂ ਤੈਨੂੰ ਦੇਖ-ਦੇਖ ਬਨੇਰੇ ਤੋਂ ਡਿਗ-ਡਿਗ ਪੈਂਦੀਆਂ ਸੀ। ਸਿਹਰੇ ਬੰਨ੍ਹੀ, ਹੱਥ 'ਚ ਕਿਰਪਾਨ ਫੜੀ, ਤੂੰ ਤਾਂ ਪਟਿਆਲੇ ਆਲੀ ਰਿਆਸਤ ਦਾ ਕੋਈ ਰਾਜਕੁਮਾਰ ਲੱਗਦਾ ਸੀ। ਕੀ ਜਵਾਨੀ ਚੜ੍ਹੀ ਸੀ ਤੇਰੇ 'ਤੇ...।"

ਜਦੋਂ ਸਾਲੀ ਦੇ ਬੋਲ ਹੋਰ ਵੱਧ ਸਹਾਰੇ ਨਹੀਂ ਜਾਂਦੇ ਤਾਂ ਬਾਬਾ ਬੰਤੂ ਬਹੁੜੀਆਂ ਪਾਉਂਦਿਆਂ ਆਖਣ ਲੱਗਦਾ ਹੈ। 'ਓਏ ਜਾਣ ਦੇ, ਜਾਣ ਦੇ ਸਹੁਰੀਏ, ਜਵਾਨੀ ਯਾਦ ਕਰਵਾ-ਕਰਵਾ ਕੇ ਕਾਹਨੂੰ ਮੇਰੀਆਂ ਪਦੀੜਾਂ ਪੁਆਈ ਜਾਨੀਂ ਐਂ, ਏਡਾ ਜ਼ੁਲਮ ਨਾ ਕਰ, ਨਾ ਕਰ ਏਡਾ ਜ਼ੁਲਮ।'

ਉਂਜ ਬਾਬਾ ਬੰਤੂ ਦੇ ਦਿਲ 'ਚ ਭਾਵੇਂ ਕੁਤਕਤਾੜੀਆਂ ਨਿਕਲ ਰਹੀਆਂ ਹੋਣ, ਪਰ ਉਪਰੋਂ-ਉਪਰੋਂ ਉਹ ਸ਼ਰਮ ਡਿਗੀ ਮੰਨਣ ਲੱਗ ਪੈਂਦਾ ਹੈ। ਬੋੜੇ ਮੂੰਹ ਥਾਣੀਂ ਹਿੜਹਿੜ ਕਰਦਾ ਹੋਇਆ ਕਹਿੰਦਾ ਹੈ, 'ਤੇਰੀ ਭੈਣ ਤਾਂ ਕਹਿੰਦੀ ਰਹਿੰਦੀ ਐ ਬਈ ਦੁਨੀਆ ਦਾ ਸਭ ਤੋਂ ਭੈੜਾ ਬੰਦਾ ਉਹਦੇ ਪੱਲੇ ਪੈ ਗਿਐ ਤੇ ਤੂੰ ਮੈਨੂੰ ਪਟਿਆਲੇ ਰਿਆਸਤ ਦਾ ਰਾਜਕੁਮਾਰ ਦੱਸੀ ਜਾਨੀਂ ਐਂ। ਗੱਲ ਜਾਂਦੀ ਕਿੱਧਰ ਨੂੰ ਐ...।'

'ਜੀਜਾ, ਘਰਵਾਲੀ ਤੇ ਸਾਲੀ ਵਿੱਚ ਏਨਾ ਕੁ ਫਰਕ ਤਾਂ ਰਹਿੰਦਾ ਈ ਰਹਿੰਦਾ।' ਜਾਣ ਲੱਗੀ ਸਾਲੀ ਨੂੰ ਬਾਬਾ ਬੰਤੂ ਏਨਾ ਜ਼ਰੂਰ ਕਹਿੰਦਾ ਹੈ, 'ਮਾਰ ਜਾਇਆ ਕਰ ਸਹੁਰੀਏ ਕਦੀ-ਕਦਾਰ ਗੇੜਾ-ਸ਼ੇੜਾ। ਤੇਰੀਆਂ ਗੱਲਾਂ ਨਾਲ ਦਿਲ ਚੋਪੜਿਆ ਜਾਂਦਾ ਕੇਰਾਂ ਤਾਂ।' ਕਈ ਬੁੱਢਿਆਂ ਦਾ ਬੁਢਾਪਾ ਵੀ ਉਨ੍ਹਾਂ ਦੀ ਜਵਾਨੀ ਵਾਂਗ ਹੁੰਦਾ ਹੈ। ਉਨ੍ਹਾਂ ਨੂੰ ਆਪਣੀ ਜਵਾਨੀ ਤੇ ਬੁਢਾਪੇ 'ਚ ਕੋਈ ਫਰਕ ਨਹੀਂ ਦਿਸਦਾ। ਅਸੀਂ ਸੁੱਕ ਕੇ ਕੰਡਾ ਹੋਏ ਇੱਕ ਬੁੱਢੇ ਨੂੰ ਪੁੱਛਿਆ, "ਤੁਹਾਡੀ ਜਵਾਨੀ ਤੇ ਬੁਢਾਪੇ 'ਚ ਕੀ ਫਰਕ ਐ। ਪਹਿਲਾਂ ਕਿਵੇਂ ਲੱਗਦਾ ਹੁੰਦਾ ਸੀ ਤੇ ਅੱਜ ਕੱਲ੍ਹ ਕਿਵੇਂ ਲੱਗਦਾ ਹੈ?"

ਬੁੱਢੇ ਨੇ ਪੱਸਲੀਆਂ 'ਤੇ ਹੱਥ ਧਰਦਿਆਂ ਹੌਲੀ ਦੇਣੇ ਕਿਹਾ, "ਸਾਡੀ ਜਵਾਨੀ ਤੇ ਬੁਢਾਪੇ ਵਿੱਚ ਕੋਈ ਫਰਕ ਨਹੀਂ ਪਿਆ। ਜਿਵੇਂ ਜਵਾਨੀ 'ਚ ਸਾਂ, ਉਵੇਂ ਬੁਢਾਪੇ 'ਚ ਹਾਂ।"

"ਉਹ ਕਿਵੇਂ? ਕੋਈ ਫਰਕ ਤਾਂ ਪਿਆ ਹੀ ਹੋਣੈਂ? ਸਾਰਿਆਂ ਦੇ ਪੈਂਦੈ", ਅਸੀਂ ਆਖਿਆ।

"ਨਾ, ਨਾ ਜਮ੍ਹਾ ਈ ਨੀਂ। ਕੋਈ ਫਰਕ ਨੀਂ ਪਿਆ।" ਉਸ ਮੂੰਹ ਥੋੜ੍ਹਾ ਚਪ-ਚਪ ਕਰਦਿਆਂ ਆਖਿਆ।

"ਉਹ ਕਿਵੇਂ?" ਅਸੀਂ ਫੇਰ ਪੁੱਛਿਆ।

ਬੁੱਢਾ ਹੱਸ ਕੇ ਕਹਿਣ ਲੱਗਾ, "ਅਹੁ ਪੰਸੇਰੀ ਦਾ ਵੱਟਾ ਪਿਆ ਦਿਸਦੈ ਨਾ? ਨਾ ਉਹ ਸਾਥੋਂ ਜਵਾਨੀ 'ਚ ਚੁੱਕਿਆ ਜਾਂਦਾ ਸੀ ਤੇ ਨਾ ਅੱਜ ਬੁੱਢੇ ਵਾਰੇ ਚੁੱਕਿਆ ਜਾਂਦੈ। ਸਾਡੀ ਜਵਾਨੀ ਤੇ ਬੁਢਾਪਾ ਇੱਕੋ ਜਿਹੇ ਨੇ। ਕੋਈ ਫਰਕ ਨੀਂ।"

ਸਹੁੰ ਖਾਣ ਵੇਲੇ ਬੰਦਾ ਆਪਣੀ ਸਭ ਤੋਂ ਪਿਆਰੀ ਤੇ ਪਵਿੱਤਰ ਚੀਜ਼ ਦੀ ਸਹੁੰ ਖਾਂਦਾ ਹੈ। ਪੱਕਾ ਯਕੀਨ ਦਿਵਾਉਣ ਲਈ ਝੂਠੀ ਸਹੁੰ ਵੀ ਇਨ੍ਹਾਂ ਚੀਜ਼ਾਂ ਦੀ ਚੁੱਕਦਾ ਹੈ। ਜਦੋਂ ਕਦੀ ਸਾਡੇ ਬਾਪੂ ਨੇ ਕੋਈ ਝੂਠੀ ਸਹੁੰ ਖਾਣੀ ਹੁੰਦੀ ਤਾਂ ਬੇਬੇ ਮੂਹਰੇ ਦੋਸ਼ੀਆਂ ਵਾਂਗ ਖਲੋ ਕੇ ਝੱਟ ਆਖਦਾ, "ਆਪਾਂ ਨੂੰ ਤਾਂ ਆਪਣੀ ਜਵਾਨੀ ਦੀ ਸਹੁੰ, ਜੇ ਤਾਸ਼ ਨੂੰ ਹੱਥ ਵੀ ਲਾਇਆ ਹੋਵੇ।"

ਝੂਠੀ ਸਹੁੰ ਸੁਣਦਿਆਂ ਹੀ ਬੇਬੇ ਤਿੜਕ ਆਖਦੀ, "ਡੁੱਬਗੀ ਤੇਰੀ ਜਵਾਨੀ ਬੁੱਢੇ ਵਾਰੇ। ਸ਼ਰਮ ਨੀਂ ਆਉਂਦੀ ਝੂਠੀ ਸਹੁੰ ਖਾਂਦੇ ਨੂੰ...।"

ਨਵੀਂ ਜਵਾਨ ਪੀੜ੍ਹੀ ਦੇ ਢੱਠੇ ਹੋਏ ਚੱਜ ਹਾਲ ਦੇਖ ਕੇ ਬੁੱਢੇ ਆਪਣੀ ਜਵਾਨੀ ਯਾਦ ਕਰ-ਕਰ, ਨਸੀਹਤਾਂ ਦੇਣ ਲੱਗਦੇ ਨੇ; "ਸਾਊ, ਜਵਾਨੀ ਵੇਲੇ ਅਸੀਂ ਭੇਲੀ-ਭੇਲੀ ਗੁੜ ਦੀ ਗੱਲਾਂ ਕਰਦੇ ਤੁਰੇ ਜਾਂਦੇ ਖਾ ਜਾਂਦੇ ਸੀ ਤੇ ਥੋਡੇ ਤੋਂ ਤਾਂ ਇੱਕ ਚਮਚਾ ਖੰਡ ਦਾ ਨੀਂ ਖਾ ਹੁੰਦਾ। ਦੋ ਦਾਣੇ ਖੰਡ ਦੇ ਖਾ ਕੇ ਤਾਂ ਥੋਨੂੰ ਸ਼ੂਗਰ ਰੋਗ ਹੋ ਜਾਂਦਾ।"

"ਸਾਊ, ਜਵਾਨੀ ਵੇਲੇ ਤਾਂ ਅਸੀਂ ਦਸ-ਦਸ, ਵੀਹ-ਵੀਹ ਕੋਹ ਐਵੇਂ ਪਲਾਕੀ ਮਾਰ ਕੇ ਲੰਘ ਜਾਈਦਾ ਸੀ। ਜਾਹ ਤਾਂ ਭੋਰਾ ਥਕਾਨ ਹੋ ਜੇ। ਤੁਸੀਂ ਦਸ ਕਰਮ ਤੁਰ ਕੇ ਈ ਬਹੁੜੀਂ-ਬਹੁੜੀ ਕਰਨ ਲੱਗ ਪੈਂਦੇ ਓ। ਜਰੈਂਦ ਤਾਂ ਭੋਰਾ ਨੀਂ ਅੱਜਕੱਲ੍ਹ ਦੇ ਜਵਾਨਾਂ 'ਚ।"

"ਜਵਾਨੀ 'ਚ ਤਾਂ ਸਾਊ ਅਸੀਂ ਪੰਸੇਰੀ-ਪੰਸੇਰੀ ਦੁੱਧ ਦੀ ਬਾਲਟੀ ਇੱਕੋ ਵਾਰ ਮੂੰਹ ਨੂੰ ਲਾ ਕੇ ਡੀਕ ਜਾਂਦੇ ਸੀ। ਅੱਜ ਦੇ ਜੁਆਕ ਤਾਂ ਗਲਾਸੀ ਦੁੱਧ ਦੀ ਦੇਖ ਕੇ ਈ ਚੰਘਿਆੜਾਂ ਮਾਰਨ ਲੱਗ ਜਾਂਦੇ ਐ।"

ਕੋਈ ਬੁੱਢਾ ਠੇਰਾ ਜਵਾਨ ਦਿਸਣ ਦਾ ਹੀਆ ਕਰੇ ਵੀ ਤਾਂ ਭੈੜੇ ਲੋਕੀਂ ਜਰੈਂਦ ਨੀਂ ਕਰਦੇ। ਲਾਲ ਸ਼ਰਟ ਪਹਿਨੀ ਬੁੱਢੇ ਨੂੰ ਦੇਖ ਕੇ ਝੱਟ ਕਹਿਣ ਲੱਗ ਪੈਂਦੇ ਨੇ, "ਬੁੱਢੀ ਘੋੜੀ ਲਾਲ ਲਗਾਮ...।"

ਬੁੱਢਾ ਆਦਮੀ ਸਿਰ ਦੇ ਬਚੇ-ਖੁਚੇ ਚਾਰ ਪਟੇ ਵਾਹ ਲਵੇ, ਭੋਰਾ ਕੁ ਛਾਤੀ ਤਾਣ ਕੇ ਤੁਰਨ ਲੱਗੇ ਤਾਂ ਬੁੜ ਬੁੜ ਕਰਨ ਲੱਗਦੇ ਨੇ, "ਚੜ੍ਹੀ ਜੁਆਨੀ ਬੁੱਢੇ ਨੂੰ...।"

ਮਾੜ੍ਹੂ ਜਿਹੇ ਫਿਕਰਾਂ ਮਾਰੇ ਕਈ ਜਵਾਨੀ 'ਚ ਵੀ ਬੁੱਢੇ ਦਿਸਣ ਲੱਗਦੇ ਨੇ ਤਾਂ ਲੋਕ ਬੋਲੀਆਂ ਮਾਰਦੇ ਹਨ, "ਇਹ ਤਾਂ ਭਾਈ ਜਵਾਨੀ 'ਚ ਈ ਬੀਤਿਆ ਪਿਆ। ਬੁੱਢੇ ਵਾਰੇ ਕੀ ਕਰੂ?"

ਬੁਢਾਪਾ ਪਾਰ ਕਰਨ ਦਾ ਤਰੀਕਾ ਇਹੋ ਹੈ ਕਿ ਤੁਸੀਂ ਜਵਾਨੀ ਦੀਆਂ ਯਾਦਾਂ ਪਲੋਸ ਰੱਖੋ। ਜਵਾਨੀ ਦੀਆਂ ਮਿੱਠੀਆਂ ਯਾਦਾਂ ਹੀ ਤੁਹਾਨੂੰ ਬੁਢਾਪੇ ਵਿੱਚ ਤਰੋਤਾਜ਼ਾ ਰੱਖ ਸਕਦੀਆਂ ਨੇ ਅਤੇ ਬੁਢਾਪੇ ਦਾ ਔਖਾ ਪੁਲ ਪਾਰ ਕਰਵਾ ਸਕਦੀਆਂ ਨੇ।

# ਕਹਾਣੀ

# ਪੰਜ ਬੇਟਿਆਂ ਦੀ ਮਾਂ

-ਅਰਚਨਾ ਸਿੰਘ-

ਮਿੰਨੀ ਚਿੜਚਿੜਾਉਂਦੀ ਹੋਈ ਆਈ ਅਤੇ ਬੋਲੀ, 'ਮੰਮੀ ਨਾਨੀ ਅਜੇ ਤੱਕ ਸੌਂ ਰਹੀ ਹੈ, ਮੈਂ ਉਨ੍ਹਾਂ ਨੂੰ ਬਹੁਤ ਜਗਾਇਆ, ਪਰ ਉਹ ਉਠੀ ਹੀ ਨਹੀਂ, ਮੈਂ ਡੌਂਗਾ ਉਨ੍ਹਾਂ ਦੀ ਕਿਚਨ ਵਿੱਚ ਰੱਖ ਆਈ ਹਾਂ।'

ਇਹ ਗੱਲ ਸੁਣ ਕੇ ਬੜੀ ਹੈਰਾਨੀ ਹੋਈ। ਦਿਨ ਦੇ ਲਗਭਗ 12 ਵੱਜ ਰਹੇ ਹੋਣਗੇ ਅਤੇ ਅੰਮਾ ਅਜੇ ਤੱਕ ਸੌਂ ਰਹੀ ਹੈ। ਮੇਰੇ ਤੋਂ ਰਿਹਾ ਨਾ ਗਿਆ। ਇਸ ਲਈ ਕੰਮ ਛੱਡ ਕੇ ਉਨ੍ਹਾਂ ਦੇ ਘਰ ਗਈ। ਜਾ ਕੇ ਦੇਖਿਆ ਤਾਂ ਅੰਮਾ ਗੂੜ੍ਹੀ ਨੀਂਦ 'ਚ ਸੁੱਤੀ ਹੋਈ ਸੀ। ਮਿੰਨੀ ਠੀਕ ਕਹਿ ਰਹੀ ਸੀ ਕਿ ਉਸ ਨੇ ਨਾਨੀ ਨੂੰ ਬਹੁਤ ਜਗਾਇਆ, ਪਰ ਉਹ ਉਠੀ ਹੀ ਨਹੀਂ। ਸੱਤ-ਅੱਠ ਸਾਲ ਦੀ ਬੱਚੀ ਨੂੰ ਭਲਾ ਕੀ ਪਤਾ ਕਿ ਇਹ ਨੀਂਦ ਨਹੀਂ, ਗੂੜ੍ਹੀ ਨੀਂਦ ਸੀ।

ਅੰਮਾ ਮੇਰੀ ਕੋਈ ਸਕੀ ਮਾਂ ਨਹੀਂ ਸੀ। ਜਦੋਂ ਅਸੀਂ ਆਪਣਾ ਮਕਾਨ ਬਣਾਉਣਾ ਸ਼ੁਰੂ ਕੀਤਾ ਸੀ ਉਦੋਂ ਅੰਮਾ ਪਹਿਲਾਂ ਤੋਂ ਆਪਣੇ ਮਕਾਨ ਵਿੱਚ ਰਹਿੰਦੀ ਸੀ, ਜੋ ਬਿਲਕੁਲ ਸਾਡੇ ਬਰਾਬਰ ਸੀ। ਅੰਮਾ ਇਕੱਲੀ ਰਹਿੰਦੀ ਸੀ। ਉਨ੍ਹਾਂ ਦੇ ਪੰਜ ਬੇਟੇ ਸਨ। ਅੰਮਾ ਦੇ ਪਿਆਰ ਤੇ ਆਪਣੇਪਨ ਭਰੇ ਵਤੀਰੇ ਅਤੇ ਮੇਰੇ ਹੱਸਮੁੱਖ, ਬੋਲਣ-ਚਾਲਣ, ਸਿੱਧੇ-ਸੌਖੇ ਸੁਭਾਅ ਕਾਰਨ ਮੇਰੇ ਤੇ ਉਨ੍ਹਾਂ ਵਿਚਕਾਰ ਮਾਂ-ਬੇਟੀ ਦਾ ਸੰਬੰਧ ਸਕਿਆਂ ਨਾਲੋਂ ਵੀ ਜ਼ਿਆਦਾ ਜੁੜ ਗਿਆ ਸੀ। ਉਸ ਦੇ ਪੰਜ ਬੇਟੇ ਆਪਣੇ-ਆਪਣੇ ਪਰਵਾਰਾਂ ਨਾਲ ਦੂਜੇ ਸ਼ਹਿਰਾਂ 'ਚ ਰਹਿੰਦੇ ਸਨ। ਅੰਮਾ ਉਠਦੇ ਬੈਠਦੇ ਗੱਲ ਗੱਲ 'ਤੇ ਬੜੇ ਮਾਣ ਨਾਲ ਇੱਕ ਵਾਕ ਜ਼ਰੂਰ ਦੁਹਰਾਉਂਦੀ ਸੀ, "ਓਏ ਪੰਜ ਬੇਟਿਆਂ ਦੀ ਮਾਂ ਹਾਂ ਮੈਂ।"

ਅੰਮਾ ਆਪਣੇ ਬੇਟਿਆਂ ਦੀਆਂ ਢੇਰ ਸਾਰੀਆਂ ਗੱਲਾਂ ਮੈਨੂੰ ਦੱਸਦੀ ਰਹਿੰਦੀ। ਮੇਰਾ ਵੱਡਾ ਅਜਿਹਾ, ਮੇਰਾ ਵਿਚਕਾਰਲਾ ਬੇਟਾ ਇੰਝ, ਮੇਰਾ ਛੋਟਾ ਇਸ ਤਰ੍ਹਾਂ ਦਾ ਆਦਿ ਗੱਲਾਂ ਦਿਨ 'ਚ ਦੋ-ਚਾਰ ਵਾਰ ਦੁਹਰਾ ਦਿੰਦੀ ਸੀ, ਪਰ ਇਨ੍ਹਾਂ ਚਾਰਾਂ ਸਾਲਾਂ 'ਚ ਜਦੋਂ ਤੋਂ ਅਸੀਂ ਇਥੇ ਆਏ ਹਾਂ, ਮੈਂ ਅੰਮਾ ਦੇ ਇੱਕ ਵੀ ਬੇਟੇ ਨੂੰ ਉਨ੍ਹਾਂ ਕੋਲ ਆਉਂਦੇ ਨਹੀਂ ਦੇਖਿਆ ਤੇ ਨਾ ਅੰਮਾ ਉਨ੍ਹਾਂ ਕੋਲ ਗਈ। ਅੰਮਾ ਦੋ-ਚਾਰ ਦਿਨ ਤੋਂ ਬਾਅਦ ਇਹ ਜ਼ਰੂਰ ਦੱਸ ਦਿੰਦੀ ਕਿ ਅੱਜ ਬੇਟੇ ਦਾ ਫੋਨ ਆਇਆ ਸੀ। ਬਹੁਤ ਦੁਖੀ ਹੋ ਰਿਹਾ ਸੀ ਕਿ ਆ ਨਹੀਂ ਸਕਦਾ। ਇੱਕ ਵਾਰ ਜਦੋਂ ਮੈਂ ਅੰਮਾ ਨੂੰ ਕਿਹਾ ਕਿ ਅੰਮਾ ਜੇ ਬੇਟਾ ਨਹੀਂ ਆ ਰਿਹਾ ਹੈ ਤਾਂ ਤੁਸੀਂ ਮਿਲ ਆਓ ਤਾਂ ਅੰਮਾ ਨੇ ਮੇਰੀ ਗੱਲ ਦਾ ਕੋਈ ਜਵਾਬ ਨਾ ਦੇ ਇਧਰ-ਓਧਰ ਦੀਆਂ ਗੱਲਾਂ ਸ਼ੁਰੂ ਕਰ ਦਿੱਤੀਆਂ। ਉਸ ਤੋਂ ਬਾਅਦ ਮੈਂ ਸਮਝ ਗਈ ਸੀ ਕਿ ਸ਼ਾਇਦ ਅੰਮਾ ਉਥੇ ਜਾਣਾ ਨਹੀਂ ਚਾਹੁੰਦੀ ਸੀ ਅਤੇ ਸ਼ਾਇਦ ਅੰਮਾ ਨੂੰ ਮੇਰੀ ਗੱਲ ਬਹੁਤ ਬੁਰੀ ਲੱਗੀ ਸੀ। ਮੈਂ ਫਿਰ ਕਦੇ ਦੁਬਾਰਾ ਇਹ ਗੱਲ ਨਹੀਂ ਕਹੀ।

ਅੰਮਾ ਦੀ ਇੱਕ ਬੇਟੀ ਸੀ ਜੋ ਇਸੇ ਸ਼ਹਿਰ 'ਚ ਰਹਿੰਦੀ ਸੀ, ਪਰ ਅੰਮਾ ਨੇ ਨਾ ਤਾਂ ਦੱਸਿਆ ਸੀ ਅਤੇ ਨਾ ਕਦੇ ਉਸ ਦਾ ਕੋਈ ਜ਼ਿਕਰ ਕੀਤਾ। ਇੱਕ ਦਿਨ ਜਦੋਂ ਇੱਕ ਸ਼ਾਲੀਨ ਜਿਹੀ ਲੜਕੀ ਨੂੰ ਦੋ ਬੱਚਿਆਂ ਨਾਲ ਉਨ੍ਹਾਂ ਦੇ ਘਰ ਦੇਖਿਆ ਸੀ ਉਦੋਂ ਮੈਂ ਪੁੱਛਿਆ ਸੀ ਕਿ ਅੰਮਾ ਇਹ ਕੌਣ ਹੈ। ਉਦੋਂ ਬਿਨਾਂ ਕਿਸੇ ਉਤਸ਼ਾਹ ਦੇ ਹੌਲੀ ਜਿਹੀ ਕਿਹਾ; ਕੁੜੀ ਹੈ ਮੇਰੀ।

ਹੈਰਾਨੀ ਹੋਈ ਸੀ ਉਦੋਂ ਮੈਨੂੰ ਕਿ ਬੇਟੇ ਕਦੇ ਨਹੀਂ ਆਉਂਦੇ, ਅੰਮਾ ਉਨ੍ਹਾਂ ਦੀਆਂ ਗੱਲਾਂ ਕਰਦੀ ਨਹੀਂ ਥੱਕਦੀ ਅਤੇ ਬੇਟੀ ਬਾਰੇ ਕਦੇ ਜ਼ਿਕਰ ਨਹੀਂ ਕੀਤਾ। ਖੈਰ ਪਹਿਲੀ ਮੁਲਾਕਾਤ ਵਿੱਚ ਬੇਟੀ ਨਾਲ ਚੰਗੀ ਦੋਸਤੀ ਹੋ ਗਈ ਮੇਰੀ। ਉਸ ਦੀ ਬੇਟੀ ਅਕਸਰ ਉਸ ਕੋਲ ਆਉਂਦੀ ਸੀ, ਕਦੇ ਇਕੱਲੀ ਆਉਂਦੀ ਅਤੇ ਕਦੇ ਪਤੀ ਅਤੇ ਬੱਚਿਆਂ ਨਾਲ। ਜਦੋਂ ਵੀ ਆਉਂਦੀ ਮੈਨੂੰ ਵੀ ਮਿਲਦੀ ਤੇ ਮੈਨੂੰ ਬੇਨਤੀ ਕਰਦੀ ਕਿ ਦੀਦੀ ਕਹਿਣ ਦੀ ਲੋੜ ਤਾਂ ਨਹੀਂ, ਫਿਰ ਵੀ ਕਹਿ ਰਹੀ ਹਾਂ, ਪਲੀਜ਼ ਅੰਮਾ ਦਾ ਧਿਆਨ ਰੱਖਣਾ। ਮੈਂ ਨਾਲ ਲੈ ਜਾਵਾਂ, ਪਰ ਅੰਮਾ ਮੇਰੇ ਘਰ ਰਹਿਣ ਨੂੰ ਤਿਆਰ ਨਹੀਂ। ਇੱਕ ਵਾਰ ਮੈਂ ਪੁੱਛ ਹੀ ਲਿਆ ਕਿ ਤੁਹਾਡਾ ਕੋਈ ਭਰਾ ਅੰਮਾ ਨਾਲ ਮਿਲਣ ਕਿਉਂ ਨਹੀਂ ਆਉਂਦਾ। ਉਦੋਂ ਬੜੀ ਦੁਖੀ ਹੋ ਕੇ ਬੋਲੀ ਸੀ, ਦੀਦੀ ਕੀ ਦੱਸਾਂ। ਇੱਕ ਤਾਂ ਵਿਦੇਸ਼ ਜਾ ਕੇ ਵੱਸ ਗਿਆ ਹੈ ਅਤੇ ਉਸ ਨੇ ਇਥੋਂ ਨਾਤਾ ਹੀ ਤੋੜ ਲਿਆ ਹੈ। ਇੱਕ ਘਰ ਜਵਾਈ ਬਣ ਗਿਆ ਹੈ ਤੇ ਆਪਣੀ ਪਤਨੀ ਅਤੇ ਸੱਸ ਦੀ ਸੇਵਾ ਤੋਂ ਵਿਹਲ ਨਹੀਂ। ਦੋ ਦੀਆਂ ਪਤਨੀਆਂ ਨਹੀਂ ਆਉਣ ਦਿੰਦੀਆਂ ਉਹ ਦੋਵੇਂ ਅੰਮਾ ਨਾਲ ਅਜਿਹਾ ਨਾਤਾ ਤੋੜ ਕੇ ਗਈਆਂ ਕਿ ਖੁਦ ਕਦੇ ਆਉਂਦੀਆਂ ਨਹੀਂ, ਭਰਾਵਾਂ ਨੂੰ ਵੀ ਨਹੀਂ ਆਉਣ ਦਿੰਦੀਆਂ ਤੇ ਹੌਲੀ ਜਿਹੀ ਬੋਲੀ ਕਿ ਇੱਕ ਭਰਾ ਨੂੰ ਅੰਮਾ ਨਹੀਂ ਆਉਣ ਦਿੰਦੀ, ਕਿਉਂਕਿ ਉਸ ਨੇ ਇੱਕ ਦੂਜੀ ਜਾਤ ਦੀ ਕੁੜੀ ਨਾਲ ਪ੍ਰੇਮ ਵਿਆਹ ਕਰਵਾਇਆ ਸੀ। ਇਹ ਗੱਲ ਕਰ ਕੇ ਉਹ ਰੋਣ ਲੱਗ ਪਈ।

ਇੱਕ ਵਾਰ ਅੰਮਾ ਕਾਫੀ ਬਿਮਾਰ ਪੈ ਗਈ ਸੀ। ਮੇਰੇ ਤੋਂ ਜੋ ਹੋ ਸਕਿਆ ਮੈਂ



ਉਹ ਕੀਤਾ। ਖਬਰ ਮਿਲਦਿਆਂ ਹੀ ਉਸ ਦੀ ਬੇਟੀ ਉਸ ਕੋਲ ਆ ਗਈ ਅਤੇ ਕੋਲ ਰਹਿ ਕੇ ਦੇਖਭਾਲ ਕਰਨ ਲੱਗੀ। ਜਦੋਂ ਅੰਮਾ ਠੀਕ ਹੋਈ ਤਾਂ ਮੈਂ ਕਿਹਾ, "ਅੰਮਾ ਤੁਸੀਂ ਬੇਟੀ ਕੋਲ ਚਲੇ ਜਾਓ। ਉਹ ਕਿਨੇ ਦਿਨ ਰਹਿ ਸਕਦੀ ਹੈ ਇਥੇ? ਉਸ ਦਾ ਪਰਵਾਰ ਹੈ, ਸਕੂਲ ਜਾਣ ਵਾਲੇ ਬੱਚੇ ਹਨ ਉਸ ਨੇ ਪਤੀ ਅਤੇ ਬੱਚਿਆਂ ਨੂੰ ਵੀ ਦੇਖਣਾ ਹੁੰਦਾ ਹੈ। ਤੁਸੀਂ ਇਕੱਲੇ ਹੋ ਉਥੇ ਰਹਿ ਲਓ, ਕੁਝ ਚੇਂਜ ਵੀ ਹੋ ਜਾਵੇਗਾ। ਉਦੋਂ ਅੰਮਾ ਨੇ ਮਿੱਠੀ ਜਿਹੀ ਫਿਟਕਾਰ ਲਾਉਂਦੇ ਹੋਏ ਕਿਹਾ, "ਚੱਲ ਪਗਲੀ, ਪੰਜ ਪੁੱਤਰਾਂ ਦੀ ਮਾਂ ਬੇਟੀ ਦੇ ਘਰ ਜਾ ਕੇ ਰਹਾਂਗੀ? ਬੇਟੀ ਦੇ ਘਰ ਉਹ ਲੋਕ ਰਹਿੰਦੇ ਹਨ ਜਿਨ੍ਹਾਂ ਦੇ ਬੇਟੇ ਨਹੀਂ ਹੁੰਦੇ।" ਉਦੋਂ ਚਾਹੁੰਦੇ ਹੋਏ ਵੀ ਮੈਂ ਕਹਿ ਨਹੀਂ ਸਕੀ ਕਿ ਅੰਮਾ ਜਿਨ੍ਹਾਂ ਪੰਜ ਬੇਟਿਆਂ ਦਾ ਤੂੰ ਇੰਨਾ ਮਾਣ ਕਰਦੀ ਹੈਂ ਉਹ ਨਾ ਕਦੇ ਆਉਂਦੇ ਨੇ ਅਤੇ ਨਾ ਹੀ ਤੇਰਾ ਹਾਲ ਚਾਲ ਪੁੱਛਦੇ ਹਨ। ਫਿਰ ਇਨ੍ਹਾਂ ਬੇਟਿਆਂ ਦਾ ਕੀ ਫਾਇਦਾ।

ਖੈਰ ਯਾਦਾਂ ਤੋਂ ਬਾਹਰ ਨਿਕਲੀ ਅਤੇ ਘਰ ਆ ਕੇ ਸਭ ਤੋਂ ਪਹਿਲਾਂ ਅੰਮਾ ਦੀ ਬੇਟੀ ਨੂੰ ਫੋਨ ਕੀਤਾ ਕਿ ਅੰਮਾ ਨਹੀਂ ਰਹੀ। ਬੇਟੀ ਤੁਰੰਤ ਆਪਣੇ ਪਤੀ ਨਾਲ ਆ ਗਈ। ਉਸੇ ਤੋਂ ਪੁੱਛ ਕੇ ਅੰਮਾ ਦੇ ਪੰਜ ਬੇਟਿਆਂ ਨੂੰ ਫੋਨ ਕੀਤਾ। ਵਿਦੇਸ਼ ਵਾਲੇ ਦਾ ਜਵਾਬ ਸੀ ਕਿ ਕਿਰਿਆ ਤੱਕ ਪਹੁੰਚ ਨਹੀਂ ਸਕੇਗਾ ਜਿਵੇਂ ਹੀ ਟਿਕਟ ਮਿਲਦੀ ਹੈ ਆਉਂਦਾ ਹਾਂ। ਇੱਕ ਦਾ ਜਵਾਬ ਸੀ ਕਿ ਦੋਵੇਂ ਬੱਚਿਆਂ ਦੀਆਂ ਜ਼ਰੂਰੀ ਪ੍ਰੀਖਿਆਵਾਂ ਦਿਵਾਉਣ ਜਾਣਾ ਹੈ ਇਸ ਲਈ ਫਿਲਹਾਲ ਆਉਣਾ ਅਸੰਭਵ ਹੈ।

ਘਰ ਜਵਾਈ ਨੇ ਉਤਰ ਦਿੱਤਾ ਕਿ ਸੱਸ ਨੂੰ ਰਾਤ ਹਾਰਟ ਅਟੈਕ ਹੋਇਆ ਹੈ ਇਸ ਲਈ ਅਸੀਂ ਹਸਪਤਾਲ 'ਚ ਹਾਂ, ਪਤਨੀ ਇਕੱਲੀ ਕਿਵੇਂ ਸੰਭਾਲੇਗੀ, ਇਸ ਲਈ ਆਉਣਾ ਮੁਸ਼ਕਲ ਹੈ। ਇੱਕ ਦਾ ਪਤਾ ਲੱਗਾ ਕਿ ਪਰਵਾਰ ਸਮੇਤ ਵਿਦੇਸ਼ ਘੁੰਮਣ ਗਿਆ ਹੈ ਤੇ ਪੰਜਵੇਂ ਦਾ ਜਵਾਬ ਸੀ ਕਿ ਪਤਨੀ ਬਹੁਤ ਬਿਮਾਰ ਹੈ ਤੁਰੰਤ ਇਕੱਲੇ ਨਹੀਂ ਛੱਡ ਕੇ ਆ ਸਕਦਾ। ਅੰਮਾ ਦੀ ਬੇਟੀ ਨੇ ਰੋਂਦੇ ਹੋਏ ਮੈਨੂੰ ਕਿਹਾ, "ਦੀਦੀ ਸਾਨੂੰ ਸਾਰਿਆਂ ਨੂੰ ਹੀ ਸਭ ਕੁਝ ਕਰਨਾ ਪਵੇਗਾ। ਬੇਟੀ ਤੇ ਜਵਾਈ ਨੇ ਮੁਹੱਲੇ ਵਾਲਿਆਂ ਦੀ ਮਦਦ ਨਾਲ ਅੰਤਿਮ ਸਸਕਾਰ ਦੀ ਤਿਆਰੀ ਕਰਵਾਈ।"

ਅੰਮਾ ਜਵਾਈ ਅਤੇ ਮੁਹੱਲੇ ਵਾਲਿਆਂ ਦੇ ਮੋਢਿਆਂ 'ਤੇ ਸ਼ਮਸ਼ਾਨਘਾਟ ਨੂੰ ਲਿਜਾਈ ਜਾ ਰਹੀ ਸੀ। ਅੰਮਾ ਦੀ ਆਵਾਜ਼ ਕੰਨਾਂ ਵਿੱਚ ਗੂੰਜ ਰਹੀ ਸੀ, ਓਏ ਪੰਜ ਬੇਟਿਆਂ ਦੀ ਮਾਂ ਹਾਂ ਮੈਂ ਪੰਜ ਬੇਟਿਆਂ ਦੀ। ਅੰਮਾ ਦੀ ਅਰਥੀ ਅੱਗੇ-ਅੱਗੇ ਜਾ ਰਹੀ ਸੀ ਅਤੇ ਮੈਂ ਸੋਚ ਰਹੀ ਸੀ ਕਿ ਕੀ ਅੰਮਾਂ ਸੱਚਮੁੱਚ ਪੰਜ ਬੇਟਿਆਂ ਦੀ ਮਾਂ ਸੀ।

KARTAR FURNITURE

ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ

ਕਰਤਾਰ ਫਰਨੀਚਰ




- ਅਸੀਂ ਸੋਫ਼ਾ ਸੈੱਟ ਖ਼ੁਦ ਹੱਥੀਂ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੈਬਰਿਕ ਅਤੇ ਡਿਜ਼ਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com

Call Rajinder Singh 416.741.9657

69 Westmore Dr. #20 Etobicoke ON, M9V 3Y6

# ਪ੍ਰਨੀਤ ਕੌਰ ਦੀ ਅਗਵਾਈ ਹੇਠ ਗੈਂਗਸਟਰ ਦੇ ਕਾਂਗਰਸ 'ਚ ਸ਼ਾਮਲ ਹੋਣ ਨਾਲ ਵਿਵਾਦ ਛਿੜਿਆ



ਗੈਂਗਸਟਰ ਕੰਵਰ ਰਣਦੀਪ ਸਿੰਘ ਖਰੌੜ ਕਾਂਗਰਸ ਵਿਚ ਸ਼ਾਮਲ ਹੋਣ ਸਮੇਂ।

ਪਟਿਆਲਾ, 9 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਪੁਲਸ ਨੇ ਗੈਂਗਸਟਰਾਂ ਦੇ ਖਿਲਾਫ ਮੁਹਿੰਮ ਵਿੱਢੀ ਹੋਈ ਹੈ, ਪਰ ਪਿਛਲੇ ਦਿਨੀਂ ਹਲਕਾ ਪਟਿਆਲਾ ਤੋਂ ਕਾਂਗਰਸੀ ਉਮੀਦਵਾਰ ਪ੍ਰਨੀਤ ਕੌਰ ਦੀ ਅਗਵਾਈ ਹੇਠ ਇਕ ਚਰਚਿਤ ਗੈਂਗਸਟਰ ਕੰਵਰ ਰਣਦੀਪ ਸਿੰਘ ਖਰੌੜ ਉਰਫ ਐਸ ਕੇ ਕਾਂਗਰਸ ਵਿੱਚ ਸ਼ਾਮਲ ਹੋ ਗਿਆ। ਇਸ ਨਾਲ ਜਿਥੇ ਕਾਂਗਰਸ 'ਚ ਹਲਚਲ ਪੈਦਾ ਹੋ ਗਈ, ਉਥੇ ਹੀ ਵਿਰੋਧੀ ਧਿਰਾਂ ਵੀ ਕਾਂਗਰਸ ਨੂੰ ਘੇਰ ਰਹੀਆਂ ਹਨ।

ਨੇੜਲੇ ਪਿੰਡ ਬਾਰਨ ਦਾ ਰਹਿਣ ਵਾਲਾ ਐਸ ਕੇ ਗੈਂਗਸਟਰਾਂ ਦੇ ਹਰਵਿੰਦਰ ਰਿੰਦਾ ਦੀ ਅਗਵਾਈ ਹੇਠਲੇ ਚਰਚਿਤ ਗਰੋਹ ਨਾਲ ਸਬੰਧਤ ਦੱਸਿਆ ਜਾਂਦਾ ਹੈ। ਐਸ ਕੇ ਖਿਲਾਫ ਪੰਜਾਬ ਅਤੇ ਚੰਡੀਗੜ੍ਹ ਵਿੱਚ ਕਤਲ, ਇਰਾਦਾ ਕਤਲ, ਡਕੈਤੀ ਤੇ ਲੁੱਟ ਖੋਹ ਆਦਿ ਦੇ 20 ਕੇਸ ਦਰਜ ਹਨ। ਕੁਝ ਕੇਸਾਂ ਵਿੱਚੋਂ ਉਹ ਬਰੀ ਵੀ ਹੋ ਚੁੱਕਾ ਹੈ ਤੇ ਕਈ ਕੇਸ ਅਜੇ ਅਦਾਲਤ 'ਚ ਚੱਲ ਰਹੇ ਹਨ, ਪਰ ਅਜੇ ਤੱਕ ਸਜ਼ਾ ਕਿਸੇ ਕੇਸ ਵਿੱਚ ਨਹੀਂ ਹੋਈ। ਉਹ ਪੰਜਾਬ ਯੂਨੀਵਰਸਿਟੀ ਸਟੂਡੈਂਟਸ ਯੂਨੀਅਨ (ਪੁਸੂ) ਦਾ ਪ੍ਰਮੁੱਖ ਅਹੁਦੇਦਾਰ ਵੀ ਹੈ। ਉਸ ਨਾਲ ਪਟਿਆਲਾ ਸਮੇਤ ਹੋਰਨਾਂ ਖੇਤਰਾਂ ਤੋਂ ਵੱਡੀ ਗਿਣਤੀ ਵਿਦਿਆਰਥੀ ਅਤੇ ਨੌਜਵਾਨ ਜੁੜੇ ਹੋਏ ਹਨ। ਅਪ੍ਰੈਲ 2016 ਵਿੱਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿੱਚ ਇਕ ਵਿਦਿਆਰਥੀ ਆਗੂ ਉਤੇ ਗੋਲੀ ਚਲਾਉਣ ਦੀ ਘਟਨਾ ਬਾਰੇ ਚੰਡੀਗੜ੍ਹ ਪੁਲਸ ਨੇ ਐਸ ਕੇ ਸਮੇਤ ਤਿੰਨ ਜਣਿਆਂ 'ਤੇ 50-50 ਹਜ਼ਾਰ ਰੁਪਏ ਦਾ ਇਨਾਮ ਰੱਖਿਆ ਸੀ। ਫਿਰ ਐਸ ਕੇ ਅਤੇ ਗੁਰਪ੍ਰੀਤ ਗੋਪੀ ਨੂੰ ਗ੍ਰਿਫਤਾਰ ਕਰਕੇ ਇਕ ਲੱਖ ਰੁਪਏ ਦਾ ਇਨਾਮ ਪਟਿਆਲਾ ਪੁਲਸ ਨੇ ਲਿਆ ਸੀ। ਕੁਝ ਮਹੀਨੇ ਪਹਿਲਾਂ ਐਸ ਕੇ ਜੇਲ੍ਹ ਤੋਂ ਜ਼ਮਾਨਤ 'ਤੇ ਰਿਹਾਅ ਹੋ ਕੇ ਆਇਆ ਸੀ।

ਇਸ ਤੋਂ ਪਹਿਲਾਂ ਉਹ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਦਾ ਸਮਰਥਕ ਰਹਿ ਚੁੱਕਾ ਹੈ, ਪਰ ਛੇ ਅਪ੍ਰੈਲ ਨੂੰ ਇਥੇ ਇਕ ਸਮਾਗਮ ਵਿੱਚ ਉਹ ਆਪਣੇ ਸੈਂਕੜੇ ਸਮਰਥਕਾਂ ਸਣੇ ਕਾਂਗਰਸ ਵਿੱਚ ਸ਼ਾਮਲ ਹੋ ਗਿਆ। ਸਨੌਰ ਤੋਂ ਕਾਂਗਰਸ ਦੇ ਹਲਕਾ ਇੰਚਾਰਜ ਹੈਰੀਮਾਨ ਦੇ ਇਕ ਸਮਰਥਕ ਜਤਿੰਦਰ ਸਿੰਘ ਵੱਲੋਂ ਕਰਵਾਏ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਪੁੱਜੇ ਕਾਂਗਰਸੀ ਉਮੀਦਵਾਰ ਪ੍ਰਨੀਤ ਕੌਰ ਨੇ ਐਸ ਕੇ ਅਤੇ ਸਾਥੀਆਂ ਨੂੰ ਕਾਂਗਰਸ ਵਿੱਚ ਸ਼ਾਮਲ ਕੀਤਾ ਸੀ। ਸਟੇਜ ਉੱਤੇ ਐਸ ਕੇ ਸਾਬਕਾ ਕੇਂਦਰੀ ਰਾਜ ਮੰਤਰੀ ਪ੍ਰਨੀਤ ਕੌਰ ਦੇ ਨਾਲ ਵਾਲੀ ਕੁਰਸੀ 'ਤੇ ਬੈਠਾ ਸੀ।

ਵਿਰੋਧੀ ਧਿਰਾਂ ਨੇ ਇਸ ਬਾਰੇ ਕਾਂਗਰਸ ਨੂੰ ਲੰਬੇ ਹੱਥੀਂ ਲਿਆ। ਉਨ੍ਹਾਂ ਦਾ ਕਹਿਣਾ ਹੈ ਕਿ ਮੁੱਖ ਮੰਤਰੀ ਦੀ ਪਤਨੀ ਵੱਲੋਂ ਇਕ ਗੈਂਗਸਟਰ ਨੂੰ ਕਾਂਗਰਸ ਵਿੱਚ ਸ਼ਾਮਲ ਕਰਨ ਦੀ ਕਾਰਵਾਈ ਚੋਣਾਂ ਵਿੱਚ ਅਪਰਾਧੀਆਂ ਦਾ ਸਹਾਰਾ ਲੈਣ ਦੀ ਇੱਕ ਮਿਸਾਲ ਹੈ।

## ਫਾਦਰ ਐਂਥਨੀ ਮਾਮਲਾ:

# ਬ੍ਰੀਜ਼ਾ ਗੱਡੀ ਵਿੱਚ ਚਿੱਟੀ ਚਾਦਰ ਵਿੱਚ ਲਪੇਟ ਕੇ ਰੱਖੀ ਰਕਮ ਨਹੀਂ ਲੱਭਦੀ



ਜਲੰਧਰ, 9 ਅਪ੍ਰੈਲ (ਪੋਸਟ ਬਿਊਰੋ)- ਫਾਦਰ ਐਂਥਨੀ ਦੇ ਘਰੋਂ ਬਰਾਮਦ ਹੋਏ ਕੈਸ਼ ਦੇ ਕੇਸ ਦੀ ਜਾਂਚ ਕਰ ਰਹੇ ਆਈ ਜੀ ਕਰਾਈਮ ਪ੍ਰਵੀਨ ਸਿਨਹਾ ਦੀ ਟੀਮ ਦੇ ਅੱਗੇ ਇੱਕ ਵੱਡਾ ਖੁਲਾਸਾ ਹੋਇਆ ਹੈ। ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਜੋ ਕੈਸ਼ ਗਾਇਬ ਹੋਇਆ, ਉਹ ਬ੍ਰੀਜ਼ਾ ਗੱਡੀ ਵਿੱਚ ਚਿੱਟੀ ਚਾਦਰ ਵਿੱਚ ਲਪੇਟ ਕੇ ਸੀਟਾਂ ਵਿੱਚ ਰੱਖਿਆ ਗਿਆ ਸੀ। ਇਸ ਦੇ ਇਲਾਵਾ ਜੋ ਕੈਸ਼ ਗੱਡੀ ਦੀ ਡਿੱਗੀ ਵਿੱਚ ਰੱਖਿਆ ਗਿਆ ਸੀ, ਸਿਰਫ ਉਹੀ ਖੰਨਾ ਤੱਕ ਪਹੁੰਚਿਆ।

ਜਾਂਚ ਵਿੱਚ ਇਹ ਵੀ ਪਤਾ ਲੱਗਾ ਹੈ ਕਿ ਜੋ ਕੈਸ਼ ਪੁਲਸ ਨੇ ਖੰਨਾ ਵਿੱਚ ਬਰਾਮਦ ਦੱਸਿਆ ਹੈ, ਉਹ ਅਸਲ ਵਿੱਚ ਫਾਦਰ ਐਂਥਨੀ ਦੇ ਘਰ ਦੇ ਗਰਾਊਂਡ ਫਲੋਰ 'ਤੇ ਬੈਗ ਵਿੱਚ ਰੱਖਿਆ ਹੋਇਆ ਸੀ। ਪੁਲਸ ਨੇ ਰੇਡ ਦੌਰਾਨ ਉਕਤ ਕੈਸ਼ ਨੂੰ ਜ਼ਬਤ ਕਰਨ ਦੇ ਨਾਲ ਫਾਦਰ ਐਂਥਨੀ ਅਤੇ ਉਥੇ ਮੌਜੂਦ ਬਾਕੀ ਲੋਕਾਂ ਨੂੰ ਹਿਰਾਸਤ ਵਿੱਚ ਲੈ ਕੇ ਬਾਹਰ ਖੜ੍ਹੀਆਂ ਤਿੰਨ ਗੱਡੀਆਂ ਵਿੱਚ ਬਿਠਾ ਲਿਆ ਸੀ। ਇਨ੍ਹਾਂ ਹੀ ਗੱਡੀਆਂ ਦੇ ਨਾਲ ਬ੍ਰੀਜ਼ਾ ਗੱਡੀ ਵੀ ਜਾਣੀ ਸੀ, ਪ੍ਰੰਤੂ ਇਸ ਵਿੱਚ ਸਵਾਰ ਪੁਲਸ ਵਾਲਿਆਂ ਨੂੰ ਪਤਾ ਲੱਗਾ ਕਿ ਫਾਦਰ ਐਂਥਨੀ ਦੇ ਘਰ ਦੇ ਫਸਟ ਫਲੋਰ 'ਤੇ ਕੈਸ਼ ਪਿਆ ਹੈ, ਜਿਸ ਨੂੰ ਬੈਂਕ ਮੁਲਾਜ਼ਮ ਗਿਣ ਰਹੇ ਹਨ। ਇਹ ਕੈਸ਼ ਪੁਲਸ ਵਾਲਿਆਂ ਨੇ ਚੁੱਕਿਆ, ਪਰ ਉਸ ਦਾ ਕੋਈ ਸਬੂਤ ਨਹੀਂ ਦਿੱਤਾ ਤੇ ਲੈ ਕੇ ਖੰਨਾ ਲਈ ਨਿਕਲ ਗਏ। ਜਾਂਚ ਵਿੱਚ ਇਹ ਸਾਹਮਣੇ ਆਇਆ ਹੈ ਕਿ ਹਿਰਾਸਤ ਵਿੱਚ ਲਏ ਲੋਕਾਂ ਨੂੰ ਲੈ ਕੇ ਗੱਡੀਆਂ ਪਹਿਲਾਂ ਪਹੁੰਚ ਗਈਆਂ, ਜਦ ਕਿ ਜਿਸ ਗੱਡੀ ਵਿੱਚ ਕੈਸ਼ ਪਿਆ ਸੀ, ਉਹ ਬਾਅਦ ਵਿੱਚ ਪਹੁੰਚੀ।

ਆਈ ਜੀ ਪ੍ਰਵੀਨ ਕੁਮਾਰ ਸਿਨਹਾ ਨੇ ਦੱਸਿਆ ਕਿ ਇਸ ਦੀ ਪੂਰੀ ਜਾਂਚ ਕੀਤੀ ਜਾ ਰਹੀ ਹੈ ਅਤੇ ਹਰ ਉਸ ਸ਼ਖਸ ਤੋਂ ਪੁੱਛਗਿੱਛ ਕੀਤੀ ਜਾਏਗੀ, ਜੋ ਇਸ ਮਾਮਲੇ ਵਿੱਚ ਸ਼ਾਮਲ ਹਨ। ਆਈ ਜੀ ਦੀ ਟੀਮ ਨੇ ਇਸ ਬਾਰੇ ਬੈਂਕ ਮੁਲਾਜ਼ਮਾਂ ਦੇ ਵੀ ਬਿਆਨ ਦਰਜ ਕਰ ਲਏ ਹਨ ਤੇ ਬੈਂਕ ਮੁਲਾਜ਼ਮਾਂ ਨੇ ਇਹੀ ਕਿਹਾ ਕਿ ਜਦ ਉਨ੍ਹਾਂ ਨੇ ਲਗਭਗ ਛੇ ਕਰੋੜ ਦਾ ਕੈਸ਼ ਗਿਣ ਲਿਆ ਸੀ ਤਾਂ ਉਥੇ ਸਿਵਲ ਵਰਦੀ ਵਿੱਚ ਕੁਝ ਲੋਕ ਆਏ ਅਤੇ ਕੈਸ਼ ਜਬਰਨ ਚੁੱਕ ਕੇ ਲੈ ਗਏ। ਉਨ੍ਹਾਂ ਨੂੰ ਇਸ ਦਾ ਕੋਈ ਸਬੂਤ ਨਹੀਂ ਦਿੱਤਾ ਗਿਆ। ਸ਼ੁਰੂ ਦੀ ਜਾਂਚ ਵਿੱਚ ਕੈਸ਼ ਬਰਾਮਦ ਹੋਣ ਦੇ ਹਾਲਾਤ ਦੇਖਦੇ ਹੋਏ ਜਾਂਚ ਟੀਮ ਨੇ ਰੇਡ ਵਿੱਚ ਸ਼ਾਮਲ ਅਤੇ ਖਾਸਕਰ ਕੈਸ਼ ਵਾਲੀ ਗੱਡੀ ਵਿੱਚ ਤੈਨਾਤ ਮੁਲਾਜ਼ਮਾਂ ਦੀ ਗ੍ਰਿਲਿੰਗ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਤੋਂ ਇਨ੍ਹਾਂ ਸਾਰੇ ਪਹਿਲੂਆਂ 'ਤੇ ਸਵਾਲ ਪੁੱਛੇ ਜਾਣ ਪਿੱਛੋਂ ਪੜਤਾਲ ਕੀਤੀ ਜਾ ਰਹੀ ਹੈ ਕਿ ਇਹ ਕੈਸ਼ ਕਿੱਥੇ ਗਿਆ? ਕੈਸ਼ ਬਾਰੇ ਹੰਗਾਮੇ ਦੇ ਬਾਅਦ ਫਾਦਰ ਐਂਥਨੀ ਨੇ ਇਸ ਬਾਰੇ ਆਈ ਜੀ ਕਰਾਈਮ ਦੀ ਟੀਮ ਨੂੰ ਬਿਆਨ ਲਿਖਾ ਦਿੱਤੇ ਹਨ। ਉਨ੍ਹਾਂ ਨੇ ਫਿਰ ਇਸ ਗੱਲ ਨੂੰ ਦੁਹਰਾਇਆ ਕਿ ਇਹ ਰਕਮ ਹਵਾਲਾ ਦੀ ਨਹੀਂ, ਉਨ੍ਹਾਂ ਦੀ ਪਾਰਟਨਰਸ਼ਿਪ ਵਾਲੀ ਫਰਮ ਸਹੋਦਿਆ ਦੀ ਵਿਕਰੀ ਕਿਤਾਬਾਂ ਅਤੇ ਸਟੇਸ਼ਨਰੀ ਤੋਂ ਇਕੱਠੀ ਹੋਈ ਰਕਮ ਦਾ ਹੈ, ਜਿਸ ਦੇ ਉਨ੍ਹਾਂ ਦੇ ਕੋਲ ਲੋੜੀਂਦੇ ਸਬੂਤ ਹਨ।

# ਅਮਰਿੰਦਰ ਨੇ ਕਿਸਾਨ ਕਰਜ਼ਾ ਮੁਆਫੀ ਦੇ ਮੁੱਦੇ ਤੋਂ ਭਾਜਪਾ ਉਤੇ ਹਮਲਾ ਬੋਲਿਆ



ਜਲੰਧਰ, 9 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਭਾਜਪਾ ਦੇ ਚੋਣ ਐਲਾਨ ਪੱਤਰ ਨੂੰ ਦੇਸ਼ ਦੇ ਨਾਲ ਇਕ ਭੱਦਾ ਮਜ਼ਾਕ ਦੱਸਦੇ ਹੋਏ ਕਿਹਾ ਹੈ ਕਿ ਪਹਿਲਾ ਭਾਜਪਾ ਨੂੰ ਆਪਣੇ ਪਿਛਲੇ ਪੰਜ ਸਾਲਾਂ ਦਾ ਹਿਸਾਬ ਦੇਣਾ ਚਾਹੀਦਾ ਹੈ। ਉਨ੍ਹਾਂ ਨੇ ਭਾਜਪਾ ਦੇ ਸੰਕਲਪ ਪੱਤਰ ਨੂੰ ਝੂਠ ਦਾ ਪੁਲਿੰਦਾ ਕਰਾਰ ਦਿੱਤਾ ਕਿਹਾ ਕਿ ਭਾਜਪਾ ਨੇ ਲੋਕਾਂ ਨੂੰ ਇਕ ਵਾਰ ਫਿਰ ਤੋਂ ਗੁੰਮਰਾਹ ਕਰਨ ਲਈ ਸੰਕਲਪ ਪੱਤਰ ਪੇਸ਼ ਕੀਤਾ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਭਾਜਪਾ ਆਪਣੇ ਪਹਿਲੇ ਵਾਅਦਿਆਂ ਨੂੰ ਪੂਰੀ ਨਹੀਂ ਕਰ ਸਕੀ, ਅੱਗੋਂ ਨਵੇਂ ਵਾਅਦਿਆਂ ਨੂੰ ਕਿਵੇਂ ਪੂਰਾ ਕਰੇਗੀ। ਉਨ੍ਹਾਂ ਨੇ ਕਿਹਾ ਕਿ ਦੇਸ਼ ਦੇ ਕਿਸਾਨ ਲਗਾਤਾਰ ਖੁਦਕੁਸ਼ੀਆਂ ਕਰ ਰਹੇ ਹਨ, ਜਦ ਕਿ ਭਾਜਪਾ ਨੇ ਕਿਸਾਨਾਂ ਲਈ ਕਰਜ਼ ਮੁਆਫ ਕਰਨ ਦਾ ਕੋਈ ਪ੍ਰਣ ਆਪਣੇ ਸੰਕਲਪ ਪੱਤਰ ਵਿੱਚ ਨਹੀਂ ਕੀਤਾ, ਜਦ ਕਿ ਇਸ ਤੋਂ ਪਹਿਲਾਂ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਆਪਣੇ ਚੋਣ ਐਲਾਨ ਪੱਤਰ ਵਿੱਚ ਕਰਜ਼ ਮੁਆਫੀ ਦਾ ਐਲਾਨ ਕੀਤਾ ਅਤੇ ਕਾਂਗਰਸ ਦੀਆਂ ਸਾਰੀਆਂ ਸਰਕਾਰਾਂ ਨੇ ਕਰਜ਼ ਮੁਆਫੀ ਦਾ ਕੰਮ ਸ਼ੁਰੂ ਕਰ ਦਿੱਤਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਕਿਸਾਨਾਂ ਨੂੰ ਕਰਜ਼ੇ ਦੇ ਬੋਝ ਤੋਂ ਚੁੱਕਣਾ ਸਭ ਤੋਂ ਵੱਡੀ ਜ਼ਿੰਮੇਵਾਰੀ ਹੈ, ਪ੍ਰੰਤੂ ਭਾਜਪਾ ਇਸ ਵਿੱਚ ਕੋਈ ਦਿਲਚਸਪੀ ਨਹੀਂ ਲੈ ਰਹੀ। ਕਿਸਾਨਾਂ ਦੇ ਬਿਨਾ ਦੇਸ਼ ਖੁਸ਼ਹਾਲੀ ਦੇ ਰਸਤੇ 'ਤੇ ਅੱਗੇ ਨਹੀਂ ਵਧ ਸਕਦਾ। ਉਨ੍ਹਾਂ ਨੇ ਕਿਹਾ ਕਿ ਭਾਜਪਾ ਵੱਲੋਂ ਆਪਣੇ ਚੋਣ ਐਲੱਨ ਪੱਤਰ ਵਿੱਚ ਹਥਿਆਰਬੰਦ ਫੌਜੀਆਂ ਦੇ ਨਾਮ ਦੀ ਵਰਤੋਂ ਕਰਨਾ ਉਚਿਤ ਨਹੀਂ। ਇਸ ਮੌਕੇ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਆਪਣੀ ਇਕ ਵੀ ਪ੍ਰਾਪਤੀ ਜਨਤਾ ਨੂੰ ਦੱਸਣੀ ਚਾਹੀਦੀ, ਜਿਸ ਨੂੰ ਕੇਂਦਰ ਸਰਕਾਰ ਨੇ ਪਿਛਲੇ ਪੰਜ ਸਾਲਾਂ ਵਿੱਚ ਪੂਰਾ ਕੀਤਾ ਹੋਵੇ। ਪਿਛਲੇ ਪੰਜ ਸਾਲ ਵਿੱਚ ਦੇਸ਼ ਦੀ ਆਰਥਿਕ ਹਾਲਤ ਬਦਤਰ ਹੋ ਗਈ। ਨੋਟਬੰਦੀ ਦੇ ਬਾਅਦ ਦੇਸ਼ ਆਰਥਿਕ ਤੌਰ 'ਤੇ ਕਮਜ਼ੋਰ ਹੋਇਆ। ਜਨਤਾ ਇਸ ਲਈ ਭਾਜਪਾ ਨੂੰ ਮੁਆਫ ਕਰਨ ਵਾਲੀ ਨਹੀਂ ਹੈ।

# ਸਾਊਦੀ ਅਰਬ ਵਿੱਚ ਪੰਜਾਬੀ ਨੂੰ ਮੌਤ ਦੀ ਸਜ਼ਾ ਹੋਣ ਦਾ ਕੇਸ ਹਾਈ ਕੋਰਟ ਪੁੱਜਾ




ਚੰਡੀਗੜ੍ਹ, 9 ਅਪ੍ਰੈਲ (ਪੋਸਟ ਬਿਊਰੋ)- ਸਾਊਦੀ ਅਰਬ ਵਿੱਚ ਪੰਜਾਬ ਦੇ ਹੁਸ਼ਿਆਰਪੁਰ ਦੇ ਸਤਵਿੰਦਰ ਕੁਮਾਰ ਦਾ ਮੌਤ ਦੀ ਸਜ਼ਾ ਵਜੋਂ ਸਿਰ ਕਲਮ ਕੀਤੇ ਜਾਣ ਦੀਆਂ ਖਬਰਾਂ ਦਾ ਕੇਸ ਪੰਜਾਬ ਹਰਿਆਣਾ ਹਾਈ ਕੋਰਟ ਪਹੁੰਚ ਗਿਆ ਹੈ। ਹਾਈ ਕੋਰਟ 'ਚ ਦਾਇਰ ਪਟੀਸ਼ਨ ਹੇਠ ਸਤਵਿੰਦਰ ਦੀ ਪਤਨੀ ਸੀਮਾ ਰਾਣੀ ਨੇ ਕੇਂਦਰ ਸਰਕਾਰ ਤੇ ਪੰਜਾਬ ਸਰਕਾਰ ਨੂੰ ਪਾਰਟੀ ਬਣਾਉਂਦੇ ਹੋਏ ਸਥਿਤੀ ਸਪੱਸ਼ਟ ਕਰਨ ਦੀ ਬੇਨਤੀ ਕੀਤੀ ਹੈ।

ਹਾਈ ਕੋਰਟ ਨੇ ਪਟੀਸ਼ਨ ਦਾ ਨਿਪਟਾਰਾ ਕਰਦੇ ਹੋਏ ਕੇਂਦਰ ਸਰਕਾਰ ਨੂੰ ਹੁਕਮ ਦਿੱਤੇ ਹਨ ਕਿ ਸਤਵਿੰਦਰ ਕੁਮਾਰ ਤੇ ਖੰਨੇ ਦੇ ਹਰਜੀਤ ਨੂੰ ਸਾਊਦੀ ਅਰਬ ਵਿੱਚ ਦਿੱਤੀ ਗਈ ਮੌਤ ਦੀ ਸਜ਼ਾ ਦੀ ਪੁਸ਼ਟੀ ਕੀਤੀ ਜਾਵੇ। ਕੋਰਟ ਨੇ ਇਸ ਲਈ ਕੇਂਦਰ ਸਰਕਾਰ ਨੂੰ ਇੱਕ ਹਫਤੇ ਦਾ ਸਮਾਂ ਦਿੱਤਾ ਹੈ। ਪਟੀਸ਼ਨਰ ਵੱਲੋਂ ਐਡਵੋਕੇਟ ਵਿਨੋਦ ਕੁਮਾਰ ਨੇ ਦੱਸਿਆ ਕਿ ਸੀਮਾ ਰਾਣੀ ਦਾ ਪਤੀ ਸਤਵਿੰਦਰ ਕੁਮਾਰ ਸਾਊਦੀ ਅਰਬ ਦੀ ਰਿਆਦ ਜੇਲ੍ਹ ਵਿੱਚ ਕੈਦ ਸੀ। ਉਹ ਸਾਊਦੀ ਅਰਬ 2013 ਵਿੱਚ ਗਿਆ ਤੇ ਟਰਾਂਸਪੋਰਟ ਦੇ ਕੰਮ ਨਾਲ ਜੁੜਿਆ ਹੋਇਆ ਸੀ। ਉਹ 2015-16 ਵਿੱਚ ਇੱਕ ਹੱਤਿਆ ਦੇ ਮਾਮਲੇ ਵਿੱਚ ਜੇਲ ਵਿੱਚ ਸੁੱਟ ਦਿੱਤਾ ਗਿਆ ਸੀ। ਉਸ ਦੇ ਨਾਲ ਹਰਜੀਤ ਨੂੰ ਵੀ ਜੇਲ੍ਹ ਹੋਈ ਸੀ। ਇਹ ਕੇਸ ਉਥੇ ਇੱਕ ਡਰਾਈਵਰ ਦੇ ਕਤਲ ਨਾਲ ਜੁੜਿਆ ਸੀ। ਪਰਵਾਰ ਦੇ ਮੁਤਾਬਕ 21 ਫਰਵਰੀ 2019 ਤੱਕ ਜਦੋਂ ਕੇਸ ਚੱਲ ਰਿਹਾ ਸੀ ਤਾਂ ਪਰਵਾਰ ਦੀ ਉਸ ਨਾਲ ਗੱਲ ਹੁੰਦੀ ਰਹੀ, ਪਰ 28 ਫਰਵਰੀ ਨੂੰ ਪਰਵਾਰ ਨੂੰ ਦੱਸਿਆ ਗਿਆ ਕਿ ਸਤਵਿੰਦਰ ਕੁਮਾਰ ਨੂੰ ਮੌਤ ਦੀ ਸਜ਼ਾ ਹੋ ਗਈ ਹੈ। ਜਿਸ ਵਿਅਕਤੀ ਦੀ ਹਮਲੇ ਵਿੱਚ ਮੌਤ ਹੋਈ ਸੀ, ਉਸ ਦੇ ਨਾਂਅ ਆਰਿਫ ਇਮਾਮਦੀਨ ਸੀ ਤੇ ਉਹ ਵੀ ਭਾਰਤੀ ਨਾਗਰਿਕ ਸੀ ਅਤੇ ਡਰਾਈਵਰ ਦਾ ਕੰਮ ਕਰਦਾ ਸੀ। ਉਸ ਦੀ ਸਤਵਿੰਦਰ ਅਤੇ ਹਰਜੀਤ ਨਾਲ ਹੋਈ ਲੜਾਈ ਵਿੱਚ ਦੋਵਾਂ 'ਤੇ ਇਮਾਮਦੀਨ ਦੀ ਹੱਤਿਆ ਕਰਨ ਦਾ ਦੋਸ਼ ਹੈ। ਹਾਈ ਕੋਰਟ ਨੇ ਹੁਣ ਇਸ ਮਾਮਲੇ 'ਚ ਕੇਂਦਰ ਨੂੰ ਸੱਤ ਦਿਨਾਂ 'ਚ ਜੋ ਵੀ ਸਥਿਤੀ ਹੈ, ਉਹ ਸਪੱਸ਼ਟ ਕਰਨ ਦਾ ਪਾਬੰਦ ਬਣਾਇਆ ਹੈ।

# ਢਾਬਾ ਮਾਲਕ ਉੱਤੇ ਹਮਲਾ ਕਰਨ ਵਾਲੇ ਕਾਂਗਰਸੀ ਨੇਤਾ ਉਤੇ ਕੇਸ ਦਰਜ

ਮੋਹਾਲੀ, 9 ਅਪ੍ਰੈਲ (ਪੋਸਟ ਬਿਊਰੋ)- ਫੇਜ਼-5 ਵਿੱਚ ਸ਼ਨੀਵਾਰ ਰਾਤ ਇੱਕ ਢਾਬਾ ਮਾਲਕ 'ਤੇ ਹਮਲਾ ਕਰਨ ਵਾਲੇ ਕੇਸ ਵਿੱਚ ਕਾਂਗਰਸੀ ਨੇਤਾ ਦੇ ਖਿਲਾਫ ਪੁਲਸ ਨੇ ਕੇਸ ਦਰਜ ਕਰ ਦਿੱਤਾ ਹੈ। ਥਾਣਾ ਫੇਜ਼-1 ਵਿੱਚ ਜ਼ਿਲ੍ਹਾ ਕਾਂਗਰਸ ਦੇ ਜਨਰਲ ਸਕੱਤਰ ਪਰਮਜੀਤ ਸਿੰਘ ਚੌਹਾਨ ਦੇ ਖਿਲਾਫ ਕੇਸ ਦਰਜ ਕੀਤਾ ਗਿਆ ਹੈ।

ਇਸ ਕੇਸ ਦੇ ਜਾਂਚ ਅਧਿਕਾਰੀ ਏ ਐੱਸ ਆਈ ਰਾਜ ਸਿੰਘ ਨੇ ਦੱਸਿਆ ਕਿ ਉਕਤ ਨੇਤਾ ਦੇ ਖਿਲਾਫ ਢਾਬਾ ਮਾਲਕ ਦਲੀਪ ਸਿੰਘ ਦੇ ਬਿਆਨਾਂ ਉੱਤੇ ਕੇਸ ਦਰਜ ਕੀਤਾ ਗਿਆ ਹੈ। ਹਾਲੇ ਮੁਲਜ਼ਮ ਦੀ ਗ੍ਰਿਫਤਾਰੀ ਨਹੀਂ ਹੋਈ। ਵਰਨਣ ਯੋਗ ਹੈ ਕਿ ਇਹ ਘਟਨਾ ਸ਼ਨੀਵਾਰ ਰਾਤ ਸਾਢੇ 10 ਵਜੇ ਦੇ ਕਰੀਬੇ ਦੀ ਹੈ। ਫੇਜ਼-ਪੰਜ ਸਥਿਤ ਸ਼ੈਫ ਐਂਡ ਸਪਾਈਸ ਢਾਬੇ 'ਤੇ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਪਰਮਜੀਤ ਸਿੰਘ ਚੌਹਾਨ ਦੋਸਤਾਂ ਨਾਲ ਖਾਣਾ ਖਾਣ ਲਈ ਆਇਆ। ਢਾਬੇ 'ਤੇ ਉਸ ਸਮੇਂ ਮਾਲਕ ਦਾ ਪੁੱਤਰ ਰੋਮਨ ਵੀ ਮੌਜੂਦ ਸੀ। ਇਸ ਮੌਕੇ ਚੌਹਾਨ ਤੇ ਉਸ ਦੇ ਦੋਸਤ ਸ਼ਰਾਬ ਪੀਣ ਲੱਗੇ। ਢਾਬਾ ਮਾਲਕ ਵੱਲੋਂ ਰੋਕਣ ਉਤੇ ਉਸ ਨੇ ਢਾਬੇ 'ਤੇ ਹੁੜਦੰਗ ਮਚਾਇਆ ਅਤੇ ਇੱਟ ਚੁੱਕ ਕੇ ਢਾਬਾ ਮਾਲਕ ਦਲੀਪ ਸਿੰਘ ਬਿਸ਼ਟ ਦੇ ਸਿਰ ਉਤੇ ਮਾਰੀ ਅਤੇ ਉਸ ਦੇ ਬੇਟੇ ਰੋਮਨ 'ਤੇ ਵੀ ਹਮਲਾ ਕਰ ਦਿੱਤਾ। ਇਸ ਹਮਲੇ ਵਿੱਚ ਦਲੀਪ ਸਿੰਘ ਅਤੇ ਉਸ ਦਾ ਪੁੱਤਰ ਰੋਮਨ ਜ਼ਖਮੀ ਹੋ ਗਏ ਸਨ। ਢਾਬਾ ਮਾਲਕ ਨੇ ਦੱਸਿਆ ਕਿ ਪਰਮਜੀਤ ਸਿੰਘ ਚੌਹਾਨ ਇੰਨਾ ਸ਼ਰਾਬੀ ਹੋ ਗਿਆ ਸੀ ਕਿ ਉਹ ਖੁਦ ਵੀ ਹੇਠਾਂ ਡਿੱਗ ਪਿਆ ਅਤੇ ਉਸ ਦੇ ਮੱਥੇ 'ਤੇ ਕਾਫੀ ਸੱਟਾਂ ਲੱਗੀਆਂ।

ਦੂਜੇ ਪਾਸੇ ਕੈਬਨਿਟ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਪੁਲਸ ਦੀ ਕਾਰਵਾਈ ਨੂੰ ਇਕਤਰਫਾ ਦੱਸਿਆ ਹੈ। ਉਨ੍ਹਾਂ ਨੇ ਕਿਹਾ ਕਿ ਢਾਬੇ ਉੱਤੇ ਖਾਣਾ ਖਾਣ ਗਏ ਪਰਮਜੀਤ ਸਿੰਘ ਚੌਹਾਨ 'ਤੇ ਢਾਬਾ ਮਾਲਕ ਅਤੇ ਉਸ ਦੇ ਵਰਕਰਾਂ ਨੇ ਵੀ ਹਮਲਾ ਕੀਤਾ ਹੈ, ਜਿਸ ਕਾਰਨ ਪਰਮਜੀਤ ਸਿੰਘ ਚੌਹਾਨ ਦੇ ਮੱਥੇ 'ਤੇ ਅੱਠ ਟਾਂਕੇ ਲੱਗੇ ਹਨ, ਪੁਲਸ ਨੂੰ ਇਸ ਸੰਬੰਧ ਵਿੱਚ ਕਰਾਸ ਕੇਸ ਦਰਜ ਕਰਨਾ ਚਾਹੀਦਾ ਸੀ, ਜਦੋਂ ਕਿ ਪੁਲਸ ਨੇ ਨਹੀਂ ਕੀਤਾ। ਸਿੱਧੂ ਨੇ ਕਿਹਾ ਕਿ ਉਹ ਇਸ ਸੰਬੰਧੀ ਐੱਸ ਐੱਸ ਪੀ ਮੋਹਾਲੀ ਨਾਲ ਵੀ ਗੱਲਬਾਤ ਕਰਨਗੇ ਅਤੇ ਢਾਬਾ ਮਾਲਕਾਂ 'ਤੇ ਵੀ ਕਾਰਵਾਈ ਕਰਵਾਉਣ ਦੀ ਮੰਗ ਕਰਨਗੇ।

# ਮੰਦਰ ਦੇ ਪੁਜਾਰੀ ਦਾ ਤੇਜ਼ਧਾਰ ਹਥਿਆਰਾਂ ਨਾਲ ਕਤਲ

ਕਰਤਾਰਪੁਰ, 9 ਅਪ੍ਰੈਲ (ਪੋਸਟ ਬਿਊਰੋ)- ਜਲੰਧਰ ਜ਼ਿਲ੍ਹੇ ਦੇ ਕਸਬਾ ਕਰਤਾਰਪੁਰ ਵਿੱਚ ਕੱਲ੍ਹ ਸਵੇਰੇ ਬਾਬਾ ਬਾਲਕ ਨਾਥ ਮੰਦਰ ਦੇ ਮੁੱਖ ਪੁਜਾਰੀ ਦਾ ਕਿਸੇ ਨੇ ਤੇਜ਼ਧਾਰ ਹਥਿਆਰਾਂ ਨਾਲ ਕਤਲ ਕਰ ਦਿੱਤਾ। ਹਮਲੇ ਤੋਂ ਬਾਅਦ ਜ਼ਖਮੀ ਪੁਜਾਰੀ ਨੂੰ ਪਰਵਾਰਕ ਮੈਂਬਰਾਂ ਨੇ ਹਸਪਤਾਲ ਪਹੁੰਚਾਇਆ, ਜਿੱਥੇ ਉਨ੍ਹਾਂ ਨੇ ਦਮ ਤੋੜ ਦਿੱਤਾ। ਮਿਲੀ ਜਾਣਕਾਰੀ ਮੁਤਾਬਕ ਰਾਤ ਸਮੇਂ ਬਾਬਾ ਬਾਲਕ ਨਾਥ ਮੰਦਰ ਵਿੱਚ ਮੁੱਖ ਪੁਜਾਰੀ ਬਾਬਾ ਬਲਬੀਰ ਗਿਰੀ ਦੇ ਕੋਲ ਕੁਝ ਸ਼ਰਧਾਲੂ ਆ ਕੇ ਰੁਕੇ ਸਨ। ਸਵੇਰੇ ਬਾਬੇ ਦੀ ਚੀਕ ਸੁਣ ਕੇ ਘਰ ਦੇ ਮੈਂਬਰਾਂ ਦੀ ਨੀਂਦ ਖੁੱਲ੍ਹੀ। ਹਮਲਾਵਰ ਮੌਕੇ ਤੋਂ ਫਰਾਰ ਹੋ ਚੁੱਕੇ ਸਨ, ਉਥੇ ਹੀ ਹਫੜਾ-ਦਫੜੀ ਵਿੱਚ ਖੂਨ ਨਾਲ ਲਿਬੜੀ ਹਾਲਤ ਵਿੱਚ ਹਸਪਤਾਲ ਪਹੁੰਚਾਇਆ। ਜਿਥੇ ਪੰਡਤ ਦੀ ਮੌਤ ਹੋ ਗਈ।

# ਏ ਐਸ ਆਈ ਰਿਸ਼ਵਤ ਲੈਂਦਾ ਰੰਗੇ ਹੱਥੀਂ ਕਾਬੂ

ਲੁਧਿਆਣਾ, 9 ਅਪ੍ਰੈਲ (ਪੋਸਟ ਬਿਊਰੋ)- ਵਿਜੀਲੈਂਸ ਬਿਊਰੋ ਅਤੇ ਆਰਥਕ ਅਪਰਾਧ ਸ਼ਾਖਾ ਨੇ ਜੀਵਨ ਨਗਰ ਚੌਕੀ ਦੇ ਏ ਐਸ ਆਈ ਗੁਰਮੀਤ ਸਿੰਘ ਨੂੰ 4500 ਰੁਪਏ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਗ੍ਰਿਫਤਾਰ ਕੀਤਾ ਹੈ।

ਪਰਮਜੀਤ ਸਿੰਘ ਵਿਰਕ ਐਸ ਐਸ ਪੀ ਆਰਥਿਕ ਅਪਰਾਧ ਸ਼ਾਖਾ ਪੰਜਾਬ ਵਿਜੀਲੈਂਸ ਨੇ ਦੱਸਿਆ ਕਿ ਜਿੰਮੀ ਪੌਲ ਪੁੱਤਰ ਈਕੇ ਪੌਲ ਵਾਸੀ ਐਲ ਆਈ ਜੀ 622 ਸੈਕਟਰ 32 ਨੇੜੇ ਗਰੀਨ ਲੈਂਡ ਸਕੂਲ ਲੁਧਿਆਣਾ ਦੀ ਕੁਝ ਵਿਅਕਤੀਆਂ ਨੇ 19 ਜੂਨ 2017 ਨੂੰ ਕੁੱਟਮਾਰ ਕੀਤੀ ਸੀ। ਜਿੰਮੀ ਪੌਲ ਨੇ ਮੁਲਜ਼ਮਾਂ ਖਿਲਾਫ ਫੋਕਲ ਪੁਆਇੰਟ ਲੁਧਿਆਣਾ ਵਿਖੇ ਮਾਮਲਾ ਦਰਜ ਕਰਵਾਇਆ ਸੀ। ਲੰਮਾ ਸਮਾਂ ਬੀਤਣ ਦੇ ਬਾਵਜੂਦ ਪੁਲਸ ਵੱਲੋਂ ਅਜੇ ਤੱਕ ਮੁਲਜ਼ਮਾਂ ਖਿਲਾਫ ਚਲਾਨ ਅਦਾਲਤ 'ਚ ਪੇਸ਼ ਨਹੀਂ ਕੀਤਾ ਗਿਆ। ਕੇਸ ਦੀ ਤਫਤੀਸ਼ ਪੁਲਸ ਚੌਕੀ ਜੀਵਨ ਨਗਰ ਦੇ ਏ ਐਸ ਆਈ ਗੁਰਮੀਤ ਸਿੰਘ ਵੱਲੋਂ ਕੀਤੀ ਜਾ ਰਹੀ ਸੀ। ਜਦ ਜਿੰਮੀ ਨੇ ਚਲਾਨ ਅਦਾਲਤ 'ਚ ਪੇਸ਼ ਕਰਨ ਦੀ ਗੱਲ ਕਹੀ ਤਾਂ ਗੁਰਮੀਤ ਸਿੰਘ ਨੇ ਅਦਾਲਤ 'ਚ ਚਲਾਨ ਪੇਸ਼ ਕਰਨ ਦੇ ਬਦਲੇ 5000 ਰੁਪਏ ਦੀ ਮੰਗ ਕੀਤੀ। ਉਨ੍ਹਾਂ ਦੱਸਿਆ ਕਿ ਜਿੰਮੀ ਪੌਲ ਦੀ ਸ਼ਿਕਾਇਤ 'ਤੇ ਉਨ੍ਹਾਂ ਉਕਤ ਏ ਐਸ ਆਈ ਨੂੰ ਸਰਕਾਰੀ ਗਵਾਹਾਂ ਦੀ ਹਾਜ਼ਰੀ 'ਚ 4500 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਗ੍ਰਿਫਤਾਰ ਕੀਤਾ। ਉਨ੍ਹਾਂ ਦੱਸਿਆ ਕਿ ਪਿਛਲੇ ਦਿਨਾਂ ਦੌਰਾਨ ਵਿਜੀਲੈਂਸ ਬਿਊਰੋ ਲੁਧਿਆਣਾ ਵੱਲੋਂ ਇਹ 6ਵਾਂ ਮਾਮਲਾ ਦਰਜ ਕੀਤਾ ਗਿਆ ਹੈ।

We Provide services:
• Corporation Registration
• Corporation Tax Returns
• Personal Tax Retrurns
• Accounting • Book - Keeping
• H.S.T • WSIB • T4 • E-File
• Assistance in Audit with CRA
CPA CHARTERED PROFESSIONAL ACCOUNTANTS
Kamaljeet Singh Saini CPA, CGA
Chartered Professional Accountants
Off: 905-799-6292
Email: kamalgirn@gmail.com



7956 Torbram Rd, Unit #209, Brampton, ON L6T 5A2 Fax: 905-291-0741

A/Z Drivers Needed/ਡਰਾਈਵਰਾਂ ਦੀ ਲੋੜ
- Team Drivers Needed Immediately
- Dedicated AutoPart Runs To Texas, Missouri, Kansas
- Permanent Schedule for whole year
- Always Go to same Shippers No Waiting at All
- Highest Pay Rate Package Plus HST
- New Model Volvo Trucks
- Paid Every Week On Friday
- 20,000 to 24,00 Miles in a Month
- Always Home At Weekends
- Can Work From Brampton, Woodstock or London
- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week
"ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ"
New Drivers Are Also Welcome, We Give Paid Training With Full Time Job
For Further Information Contact: 6476253344

www.AREA REALTOR.com



Multi Award Winner Realtor
CENTURY 21 PRESIDENT
KAMAL SANDHU
Sales Representative
647.891.0143
905.488.2100 ext. 407



# ਸੀ ਬੀ ਆਈ ਨੇ ਸੁਪਰੀਮ ਕੋਰਟ ਨੂੰ ਕਿਹਾ, ਸੱਜਣ ਕੁਮਾਰ 1984 ਦੇ ਦੰਗਿਆਂ ਦਾ ਸਰਗਣਾ ਸੀ



ਨਵੀਂ ਦਿੱਲੀ, 9 ਅਪ੍ਰੈਲ (ਪੋਸਟ ਬਿਊਰੋ)- ਸੀ ਬੀ ਆਈ ਨੇ ਕਾਂਗਰਸ ਦੇ ਸਾਬਕਾ ਨੇਤਾ ਸੱਜਣ ਕੁਮਾਰ ਦੀ ਜ਼ਮਾਨਤ ਦਾ ਵਿਰੋਧ ਕਰਦੇ ਹੋਏ ਕੱਲ੍ਹ ਸੁਪਰੀਮ ਕੋਰਟ ਵਿੱਚ ਕਿਹਾ ਕਿ 1984 ਦੇ ਸਿੱਖ ਵਿਰੋਧੀ ਦੰਗਿਆਂ ਵੇਲੇ ਹੋਏ ਘਿਨੌਣੇ ਅਪਰਾਧਾਂ ਦੇ ਲਈ। ਸੱਜਣ ਕੁਮਾਰ ਸਰਗਣਾ ਸੀ, ਜਿਸ ਵਿੱਚ ਸਿੱਖਾਂ ਦਾ ਕਤਲੇਆਮ ਹੋਇਆ।

ਕਾਂਗਰਸ ਦੇ ਸਾਬਕਾ ਪਾਰਲੀਮੈਂਟ ਮੈਂਬਰ 73 ਸਾਲਾ ਸੱਜਣ ਕੁਮਾਰ ਨੇ ਦਿੱਲੀ ਹਾਈ ਕੋਰਟ ਦੇ ਬੀਤੇ 17 ਦਸੰਬਰ ਦੇ ਫੈਸਲੇ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ ਹੈ। ਹਾਈ ਕੋਰਟ ਨੇ ਸੱਜਣ ਕੁਮਾਰ ਨੂੰ ਇੱਕ ਕੇਸ ਵਿੱਚ ਦੋਸ਼ੀ ਮੰਨਦੇ ਹੋਏ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਜਸਟਿਸ ਐੱਸ ਏ ਬੋਬੜੇ ਤੇ ਜਸਟਿਸ ਐੱਸ ਅਬਦੁਲ ਨਜ਼ੀਰ ਦੀ ਬੈਂਚ ਨੇ ਸੱਜਣ ਕੁਮਾਰ ਦੀ ਜ਼ਮਾਨਤ ਅਰਜ਼ੀ ਅੱਗੋਂ ਲਈ ਸੂਚੀਬੱਧ ਕਰਦੇ ਹੋਏ ਜਾਂਚ ਏਜੰਸੀ ਨੂੰ ਨਿਰਦੇਸ਼ ਦਿੱਤਾ ਕਿ ਇਸ ਸਾਬਕਾ ਐਮ ਪੀ ਦੀ ਸ਼ਮੂਲੀਅਤ ਵਾਲੇ ਬਾਕੀ ਮਾਮਲਿਆਂ ਦੇ ਕੇਸ ਦੀ ਪ੍ਰਗਤੀ ਤੋਂ ਵੀ ਜਾਣੂ ਕਰਾਇਆ ਜਾਏ। ਇਸ ਮੌਕੇ ਜਾਂਚ ਬਿਊਰੋ ਵੱਲੋਂ ਸਾਲਿਸਿਟਰ ਜਨਰਲ ਤੁਸ਼ਾਰ ਮਹਿਤਾ ਨੇ ਅਦਾਲਤ ਨੂੰ ਕਿਹਾ ਕਿ ਜੇ ਸੱਜਣ ਕੁਮਾਰ ਨੂੰ ਜ਼ਮਾਨਤ 'ਤੇ ਰਿਹਾਅ ਕੀਤਾ ਗਿਆ ਤਾਂ ਇਹ ਇਨਸਾਫ ਦਾ ਮਜ਼ਾਕ ਹੋਵੇਗਾ, ਕਿਉਂਕਿ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਇੱਕ ਹੋਰ ਮਾਮਲੇ ਵਿੱਚ ਪਟਿਆਲਾ ਹਾਊਸ ਕੋਟਰ ਵਿੱਚ ਉਨ੍ਹਾਂ 'ਤੇ ਕੇਸ ਚੱਲ ਰਿਹਾ ਹੈ। ਉਨ੍ਹਾਂ ਕਿਹਾ ਕਿ ਸਿੱਖਾਂ ਦਾ ਕਤਲੇਆਮ ਘਿਨੌਣਾ ਅਪਰਾਧ ਸੀ। ਉਹ ਨੇਤਾ ਸਨ ਅਤੇ ਇਸ ਜੁਰਮ ਦੇ ਸਰਗਨਾ ਸਨ। ਸੱਜਣ ਕੁਮਾਰ ਨੂੰ ਹਾਈ ਕੋਰਟ ਨੇ ਇੱਕ ਤੇ ਦੋ ਨਵੰਬਰ 1984 ਦੀ ਰਾਤ ਦੱਖਣੀ-ਪੱਛਮੀ ਦਿੱਲੀ ਦੇ ਰਾਜ ਨਗਰ ਪਾਰਟ-1 ਵਿੱਚ ਪੰਜ ਸਿੱਖਾਂ ਨੂੰ ਜਿੰਦਾ ਸਾੜਨ ਅਤੇ ਰਾਜ ਨਗਰ ਪਾਰਟ-2 ਵਿੱਚ ਇੱਕ ਗੁਰਦੁਆਰੇ ਵਿੱਚ ਅੱਗ ਲਗਾਉਣ ਦੀ ਘਟਨਾ ਨਾਲ ਸੰਬੰਧਤ ਮਾਮਲੇ ਵਿੱਚ ਸਜ਼ਾ ਸੁਣਾਈ ਸੀ।

ਸੁਪਰੀਮ ਕੋਰਟ ਦਾ ਆਦੇਸ਼

# ਹਰ ਵਿਧਾਨ ਸਭਾ ਹਲਕੇ ਦੇ ਪੰਜ ਵੋਟ ਕੇਂਦਰਾਂ ਉਤੇ ਈ ਵੀ ਐਮ-ਵੀ ਵੀ ਪੈਟ ਦਾ ਮੇਲ ਹੋਵੇਗਾ

ਨਵੀਂ ਦਿੱਲੀ, 9 ਅਪ੍ਰੈਲ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਲੋਕ ਸਭਾ ਚੋਣਾਂ ਦੀ ਗਿਣਤੀ ਲਈ ਵੀ ਵੀ ਪੈਟ ਮਸ਼ੀਨਾਂ ਦੀ ਗਿਣਤੀ ਇਕ ਤੋਂ ਵਧਾ ਕੇ ਪੰਜ ਕਰਨ ਦੇ ਹੁਕਮ ਜਾਰੀ ਕੀਤੇ ਹਨ। ਅਦਾਲਤ ਦੇ ਇਸ ਹੁਕਮ ਤੋਂ ਬਾਅਦ ਚੋਣਾਂ ਦੌਰਾਨ ਈ ਵੀ ਐਮ ਮਸ਼ੀਨਾਂ ਨਾਲ ਛੇੜਛਾੜ ਦਾ ਦੋਸ਼ ਲਗਾ ਕੇ ਨਤੀਜਿਆਂ ਦਾ ਵੀ ਵੀ ਪੈਟ ਨਾਲ ਮੇਲ ਕਰਨ ਦੀ ਮੰਗ ਕਰਨ ਵਾਲੀਆਂ ਵਿਰੋਧੀ ਧਿਰਾਂ ਨੂੰ ਵੱਡੀ ਰਾਹਤ ਮਿਲੀ ਹੈ। ਇਸ ਤੋਂ ਬਾਅਦ ਲੋਕ ਸਭਾ ਚੋਣਾਂ ਦੇ ਨਤੀਜੇ ਆਉਣ 'ਚ ਦੇਰੀ ਹੋਣ ਦਾ ਖਦਸ਼ਾ ਵੀ ਜਤਾਇਆ ਜਾ ਰਿਹਾ ਹੈ।

ਇਸ ਸੰਬੰਧ ਵਿੱਚ ਸੁਪਰੀਮ ਕੋਰਟ ਨੇ ਈ ਵੀ ਐਮ ਅਤੇ ਵੀ ਵੀ ਪੈਟ ਮਸ਼ੀਨਾਂ ਦੇ ਮੇਲ ਨੂੰ ਪੰਜ ਗੁਣਾ ਵਧਾਉਣ ਦਾ ਹੁਕਮ ਜਾਰੀ ਕਰਦੇ ਹੋਏ ਕਿਹਾ ਕਿ ਵੋਟਰਾਂ ਦੇ ਵਿਸ਼ਵਾਸ ਅਤੇ ਚੋਣ ਪ੍ਰਕਿਰਿਆ ਦੀ ਭਰੋਸੇ ਯੋਗਤਾ ਨੂੰ ਧਿਆਨ 'ਚ ਰੱਖ ਕੇ ਵੀ ਵੀ ਪੈਟ ਪਰਚੀਆਂ ਦੀ ਜਾਂਚ ਵਾਲੇ ਨਮੂਨਿਆਂ ਵਿੱਚ ਵਾਧਾ ਕਰਨ ਦਾ ਫੈਸਲਾ ਕੀਤਾ ਗਿਆ ਹੈ। ਅਦਾਲਤ ਨੇ ਚੋਣ ਕਮਿਸ਼ਨ ਨੂੰ ਲੋਕ ਸਭਾ ਚੋਣਾਂ 'ਚ ਹਰ ਵਿਧਾਨ ਸਭਾ ਖੇਤਰ 'ਚ ਇਕ ਬੂਥ ਤੋਂ ਵਧਾ ਕੇ ਪੰਜ ਬੂਥਾਂ ਦੇ ਲਈ ਵੀ ਵੀ ਪੈਟ ਪਰਚੀਆਂ ਦੀ ਜਾਂਚ ਦਾ ਨਿਰਦੇਸ਼ ਦਿੱਤਾ ਹੈ। ਅਦਾਲਤ ਦੇ ਇਸ ਹੁਕਮ 'ਤੇ ਚੋਣ ਕਮਿਸ਼ਨ ਨੇ ਕਿਹਾ ਕਿ ਅਦਾਲਤ ਦਾ



ਹੁਕਮ ਸਿਰ ਮੱਥੇ 'ਤੇ ਹੈ ਅਤੇ ਈ ਵੀ ਐਮ ਰਾਹੀਂ ਪਾਏ ਗਏ ਵੋਟ ਅਤੇ ਵੀ ਵੀ ਪੈਟ ਦੀਆਂ ਪਰਚੀਆਂ ਦੇ ਮੇਲ ਨੂੰ ਲੈ ਕੇ ਸੁਪਰੀਮ ਕੋਰਟ ਦੇ ਆਦੇਸ਼ ਦੀ, ਚੋਣ ਕਮਿਸ਼ਨ ਵੱਲੋਂ ਛੇਤੀ ਤੋਂ ਛੇਤੀ ਪਾਲਣਾ ਸੁਨਿਸ਼ਚਤ ਕੀਤੀ ਜਾਵੇਗੀ।

ਵਰਨਣ ਯੋਗ ਹੈ ਕਿ ਹਾਲੇ ਤੱਕ ਇਕ ਈ ਵੀ ਐਮ ਮਸ਼ੀਨਾਂ ਦਾ ਵੀ ਵੀ ਪੈਟ ਪਰਚੀਆਂ ਦਾ ਮੇਲ ਹੁੰਦਾ ਸੀ ਜਿਸ ਦੇ ਮੁਤਾਬਕ ਚੋਣ ਕਮਿਸ਼ਨ 4125 ਈ ਵੀ ਐਮ ਅਤੇ ਵੀ ਵੀ ਪੈਟ ਦਾ ਮੇਲ ਕਰਾਉਂਦਾ ਸੀ, ਪਰ ਅਦਾਲਤ ਦੇ ਆਦੇਸ਼ ਤੋਂ ਬਾਅਦ ਇਹ ਵਧ ਕੇ 20625 ਈ ਵੀ ਐਮ ਅਤੇ ਵੀ ਵੀ ਪੈਟ ਦਾ ਮੇਲ ਕਰਾਉਣਾ ਪਵੇਗਾ। ਹਾਲੇ ਤੱਕ ਕਮਿਸ਼ਨ ਵੱਲੋਂ ਲੋਕ ਸਭਾ ਚੋਣਾਂ 'ਚ ਹਰ ਵਿਧਾਨ ਸਭਾ ਖੇਤਰ ਦੇ ਇਕ ਵੋਟਿੰਗ ਕੇਂਦਰ 'ਚ ਇਸ ਪ੍ਰਕਿਰਿਆ ਦੀ ਪਾਲਣਾ ਕੀਤੀ ਜਾਂਦੀ ਸੀ ਪ੍ਰੰਤੂ ਅਦਾਲਤ ਦੇ ਆਦੇਸ਼ ਤੋਂ ਬਾਅਦ ਹਰ ਵਿਧਾਨ ਸਭਾ ਹਲਕੇ 'ਚ ਇਕ ਦੀ ਬਜਾਏ ਪੰਜ ਵੋਟਿੰਗ ਕੇਂਦਰਾਂ ਉਤੇ ਈ ਵੀ ਐਮ-ਵੀ ਵੀ ਪੈਟ ਦਾ ਮੇਲ ਕਰਾਉਣਾ ਪਵੇਗਾ। ਵੋਟਰ ਵੈਰੀਫਾਈਡ ਆਡਿਟ ਟ੍ਰੇਲ (ਵੀ ਵੀ ਪੈਟ) ਮਸ਼ੀਨ ਈ ਵੀ ਐਮ ਨਾਲ ਜੁੜੀ ਹੁੰਦੀ ਹੈ। ਜਦੋਂ ਵੋਟਰ ਈ ਵੀ ਐਮ ਮਸ਼ੀਨ 'ਤੇ ਬਟਨ ਦਬਾਉਂਦਾ ਹੈ ਤਾਂ ਵੀ ਵੀ ਪੈਟ ਮਸ਼ੀਨ ਤੋਂ ਇਕ ਪਰਚੀ ਨਿਕਲਦੀ ਹੈ, ਜਿਸ 'ਤੇ ਉਸ ਪਾਰਟੀ ਦਾ ਚੋਣ ਨਿਸ਼ਾਨ ਤੇ ਉਮੀਦਵਾਰ ਦਾ ਨਾਂਅ ਹੁੰਦਾ ਹੈ, ਜਿਸ ਨੂੰ ਵੋਟਰ ਨੇ ਵੋਟ ਦਿੱਤਾ ਹੈ। ਵੋਟਰ ਨੂੰ ਸੱਤ ਸੈਕੰਡ ਤੱਕ ਨਜ਼ਰ ਆਉਣ ਉਪਰੰਤ ਇਹ ਪਰਚੀ ਵੀ ਵੀ ਪੈਟ ਮਸ਼ੀਨ ਵਿੱਚ ਇਕ ਬਕਸੇ 'ਚ ਡਿੱਗ ਜਾਂਦੀ ਹੈ ਅਤੇ ਵੋਟਾਂ ਦੀ ਗਿਣਤੀ ਦੌਰਾਨ ਇਨ੍ਹਾਂ ਪਰਚੀਆਂ ਤੇ ਈ ਵੀ ਐਮ ਦਾ ਮੇਲ ਕਰਵਾਇਆ ਜਾਂਦਾ ਹੈ।

# ਸੀ ਬੀ ਆਈ ਵੱਲੋਂ ਲਾਲੂ ਉੱਤੇ ਹਸਪਤਾਲ ਤੋਂ ਸਿਆਸਤ ਕਰਨ ਦਾ ਦੋਸ਼

ਰਾਂਚੀ, 9 ਅਪ੍ਰੈਲ (ਪੋਸਟ ਬਿਊਰੋ)- ਕੇਂਦਰੀ ਜਾਂਚ ਬਿਊਰੋ ਸੀ ਬੀ ਆਈ ਨੇ ਅੱਜ ਮੰਗਲਵਾਰ ਨੂੰ ਸੁਪਰੀਮ ਕੋਰਟ ਵਿੱਚ ਰਾਸ਼ਟਰੀ ਜਨਤਾ ਦਲ ਦੇ ਮੁਖੀ ਲਾਲੂ ਪ੍ਰਸਾਦ ਯਾਦਵ ਦੀ ਜ਼ਮਾਨਤ ਅਰਜ਼ੀ ਦਾ ਜਵਾਬ ਦਾਖਲ ਕਰ ਕੇ ਕਿਹਾ ਹੈ ਕਿ ਚਾਰਾ ਘੁਟਾਲੇ ਦੇ ਚਾਰ ਕੇਸਾਂ ਦੇ ਸਜ਼ਾ ਯਾਫਤਾ ਲਾਲੂ ਪ੍ਰਸਾਦ ਯਾਦਵ ਜੇਲ੍ਹ-ਹਸਪਤਾਲ ਤੋਂ ਵੀ ਸਿਆਸਤ ਕਰਦੇ ਹਨ। ਮਿਲੀ ਜਾਣਕਾਰੀ ਅਨੁਸਾਰ ਸੀ ਬੀ ਆਈ ਨੇ ਲਾਲੂ ਪ੍ਰਸਾਦ ਯਾਦਵ ਦੀ ਜ਼ਮਾਨਤ ਪਟੀਸ਼ਨ ਦਾ ਵਿਰੋਧ ਕਰਦੇ ਹੋਏ ਕਿਹਾ ਕਿ ਉਹ ਬਿਮਾਰੀ ਦੇ ਆਧਾਰ ਉਤੇ ਜ਼ਮਾਨਤ ਮੰਗਦੇ ਹਨ ਤਾਂ ਜੋ ਉਸ ਦੀ ਆੜ ਵਿਚ ਚੋਣਾਂ ਦੌਰਾਨ ਪਾਰਟੀ ਦੀਆਂ ਸਿਆਸੀ ਸਰਗਰਮੀਆਂ ਚਲਾ ਸਕਣ। ਵਰਨਣ ਯੋਗ ਹੈ ਕਿ ਕਰੋੜਾਂ ਰੁਪਏ ਦੇ ਚਾਰਾ ਘੁਟਾਲੇ ਦੇ ਤਿੰਨ ਕੇਸਾਂ ਵਿੱਚ ਲਾਲੂ ਪ੍ਰਸਾਦ ਨੇ ਜ਼ਮਾਨਤ ਲਈ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਇਆ ਹੈ।

ਚੀਫ ਜਸਟਿਸ ਰੰਜਨ ਗੋਗੋਈ ਦੀ ਅਗਵਾਈ ਹੇਠਲੀ ਬੈਂਚ ਸਾਹਮਣੇ ਸੀ ਬੀ ਆਈ ਨੇ ਲਾਲੂ ਪ੍ਰਸਾਦ ਦੀ ਜ਼ਮਾਨਤ ਅਰਜ਼ੀ ਦੇ ਵਿਰੋਧ ਵਿੱਚ ਦਾਖਲ ਕੀਤੇ ਐਫੀਡੇਵਿਟ ਵਿੱਚ ਕਿਹਾ ਹੈ ਕਿ ਲਾਲੂ ਬਿਮਾਰੀ ਦੇ ਇਲਾਜ ਲਈ ਰਾਂਚੀ ਦੇ ਰਿਮਸ ਹਸਪਤਾਲ ਵਿੱਚ ਹਨ ਅਤੇ ਓਥੋਂ ਵੀ ਸਿਆਸੀ ਸਰਗਰਮੀ ਚਲਾ ਰਹੇ ਹਨ। ਇਸ ਤੋਂ ਪਹਿਲਾਂ ਸੁਪਰੀਮ ਕੋਰਟ ਨੇ ਲਾਲੂ ਪ੍ਰਸਾਦ ਦੀ ਜ਼ਮਾਨਤ ਅਰਜ਼ੀ ਉੱਤੇ ਸੀ ਬੀ ਆਈ ਤੋਂ ਜਵਾਬ ਮੰਗਿਆ ਸੀ। ਲਾਲੂ ਪ੍ਰਸਾਦ ਯਾਦਵ ਨੇ ਝਾਰਖੰਡ ਹਾਈ ਕੋਰਟ ਦੇ 10 ਜਨਵਰੀ ਦੇ ਫ਼ੈਸਲੇ ਨੂੰ ਚੁਣੌਤੀ ਦਿੱਤੀ ਹੋਈ ਹੈ। ਹਾਈ ਕੋਰਟ ਨੇ ਉਨ੍ਹਾਂ ਨੂੰ ਜ਼ਮਾਨਤ ਦੇਣੋਂ ਨਾਂਹ ਕਰ ਦਿੱਤੀ ਸੀ। ਇਹ ਕੇਸ 900 ਕਰੋੜ ਰੁਪਏ ਤੋਂ ਵੱਧ ਦੇ ਚਾਰਾ ਘੁਟਾਲੇ ਨਾਲ ਸਬੰਧਤ ਹਨ।

ਸਾਲ 1990 ਦੇ ਸ਼ੁਰੂ ਵਿਚ ਖਜ਼ਾਨੇ ਨਾਲ ਜਾਲਸਾਜ਼ੀ ਕਰ ਕੇ ਪੈਸੇ ਕਢਵਾਏ ਜਾਣ ਸਮੇਂ ਬਿਹਾਰ ਇਕੱਠਾ ਸੀ ਅਤੇ ਇਸ ਦੀ ਵੰਡ ਨਹੀਂ ਹੋਈ ਸੀ ਅਤੇ ਓਦੋਂ ਦੀ ਬਿਹਾਰ ਦੇ ਮੁੱਖ ਮੰਤਰੀ ਲਾਲੂ ਪ੍ਰਸਾਦ ਯਾਦਵ ਉੱਤੇ ਉਸ ਘੋਟਾਲੇ ਦੇ ਦੋਸ਼ ਲੱਗੇ ਸਨ।

# ਭਾਰਤ ਵਿੱਚ ਬਣੀਆਂ ਛੇ ਧਨੁਸ਼ ਤੋਪਾਂ ਭਾਰਤੀ ਫੌਜ ਨੂੰ ਸੌਂਪੀਆਂ ਗਈਆਂ



ਜੱਬਲਪੁਰ, 9 ਅਪ੍ਰੈਲ (ਪੋਸਟ ਬਿਊਰੋ)- ਕੱਲ੍ਹ ਇਥੇ 'ਗੰਨ ਕੈਰਿਜ ਫੈਕਟਰੀ' 'ਚ ਹੋਏ ਸਮਾਗਮ ਦੌਰਾਨ 'ਆਰਡਨੈਂਸ ਫੈਕਟਰੀ ਬੋਰਡ' (ਓ ਐਫ ਬੀ) ਨੇ ਛੇ ਧਨੁਸ਼ ਤੋਪਾਂ ਭਾਰਤੀ ਫੌਜ ਨੂੰ ਸੌਂਪ ਦਿੱਤੀਆਂ ਹਨ। ਇਨ੍ਹਾਂ ਦੇ ਸ਼ਾਮਲ ਹੋਣ ਨਾਲ ਭਾਰਤੀ ਫੌਜ ਦੀ ਸ਼ਕਤੀ ਤੇ ਸਮਰੱਥਾ 'ਚ ਹੋਰ ਵਾਧਾ ਹੋਵੇਗਾ।

ਓ ਐਫ ਬੀ ਨੇ ਹਾਲ ਹੀ ਵਿੱਚ ਰੱਖਿਆ ਮੰਤਰਾਲਾ ਤੇ ਫੌਜ ਤੋਂ 114 ਧਨੁਸ਼ ਤੋਪਾਂ ਬਣਾਉਣ ਦੀ ਮਨਜ਼ੂਰੀ ਪ੍ਰਾਪਤ ਕੀਤੀ ਸੀ ਅਤੇ ਪਹਿਲੇ ਪੜਾਅ 'ਚ ਉਸ ਨੇ ਛੇ ਧਨੁਸ਼ ਤੋਪਾਂ ਫੌਜ ਦੇ ਹਵਾਲੇ ਕਰ ਦਿੱਤੀਆਂ। ਓ ਐਫ ਬੀ ਦੇ ਚੇਅਰਮੈਨ ਸੌਰਭ ਕੁਮਾਰ ਨੇ ਕਿਹਾ ਕਿ 45 ਕੈਲੀਬਰ ਤੇ 155 ਐਮ ਐਮ ਦੀ ਦੇਸ਼ 'ਚ ਬਣੀ ਪਹਿਲੀ ਤੋਪ ਧਨੁਸ਼ 38 ਕਿਲੋਮੀਟਰ ਦੀ ਦੂਰੀ ਤੱਕ ਮਾਰ ਕਰ ਸਕਦੀ ਹੈ। ਉਨ੍ਹਾਂ ਕਿਹਾ ਕਿ ਇਹ ਹਥਿਆਰ 'ਮੇਕ ਇਨ ਇੰਡੀਆ' ਪਹਿਲ ਦੀ ਵੱਡੀ ਸਫਲਤਾ ਹੈ। ਉਨ੍ਹਾਂ ਦੱਸਿਆ ਕਿ ਆਟੋਮੈਟਿਕ ਤਕਨੀਕ ਨਾਲ ਇਕੋ ਟੀਚੇ 'ਤੇ ਤਿੰਨ ਤੋਂ ਛੇ ਤੋਪਾਂ ਨਾਲ ਇਕੱਠੇ ਗੋਲੇ ਸੁੱਟੇ ਜਾ ਸਕਦੇ ਹਨ ਤੇ ਹਰ ਤੋਪ 'ਚ ਇਕ ਘੰਟੇ 'ਚ 42 ਗੋਲੇ ਸੁੱਟਣ ਦੀ ਸਮਰੱਥਾ ਹੈ। ਕਰੀਬ 13 ਟਨ ਭਾਰੀ ਇਹ ਤੋਪ ਪਹਾੜੀ ਤੇ ਦੂਰ ਦੇ ਇਲਾਕਿਆਂ 'ਚ ਆਸਾਨੀ ਨਾਲ ਲਿਜਾਈ ਜਾ ਸਕਦੀ ਹੈ। ਇਕ ਤੋਪ ਦੀ ਕੀਮਤ ਕਰੀਬ 14.50 ਕਰੋੜ ਰੁਪਏ ਹੈ।

ਸੌਰਭ ਕੁਮਾਰ ਨੇ ਕਿਹਾ ਕਿ ਇਕ ਬਹੁਮੁਖੀ ਹਥਿਆਰ ਹੈ ਜੋ ਹਰ ਤਰ੍ਹਾਂ ਦੀਆਂ ਜਲਵਾਯੂ ਪ੍ਰਸਥਿਤੀਆਂ 'ਚ ਕੰਮ ਕਰ ਸਕਦਾ ਹੈ। ਇਹ ਤੋਪ 'ਇਨਰਸ਼ਲ ਨੈਵੀਗੇਸ਼ਨ-ਬੇਸਡ ਸਾਈਟਿੰਗ ਸਿਸਟਮ, ਆਟੋ ਲੇਇੰਗ ਫੈਸਲਟੀ, ਆਨ ਬੋਰਡ ਬੈਲਿਸਟਿਕ ਕੰਪੂਟੇਸ਼ਨ' ਅਤੇ ਦਿਨ ਰਾਤ ਦੇ ਸਮੇਂ ਨਿਸ਼ਾਨੇ 'ਤੇ ਮਾਰ ਕਰਨ ਵਾਲੀ ਤਕਨੀਕ ਨਾਲ ਬਣੀ ਹੋਈ ਹੈ। ਉਨ੍ਹਾਂ ਕਿਹਾ ਕਿ ਓ ਐਫ ਬੀ ਧਨੁਸ਼ ਤੋਪ, ਜਿਸ 'ਚ ਟਰੱਕ ਮਾਊਂਟਡ ਵਰਜ਼ਨ ਵੀ ਸ਼ਾਮਲ ਹੈ, ਦੇ ਦੋ ਨਮੂਨਿਆਂ 'ਤੇ ਕੰਮ ਕਰ ਰਿਹਾ ਹੈ। ਅਧਿਕਾਰੀਆਂ ਨੇ ਦੱਸਿਆ ਕਿ ਧਨੁਸ਼ ਓ ਐਫ ਬੀ, ਫੌਜ, ਡੀ ਆਰ ਡੀ ਓ, ਡੀ ਜੀ ਕਿਊ ਏ, ਪੀ ਐਸ ਯੂ ਭਾਰਤ ਇਲੈਕਟ੍ਰਾਨਿਕ ਆਦਿ ਦਾ ਸਾਂਝਾ ਯਤਨ ਹੈ।

# ਭਾਜਪਾ ਨੇ ਤਿੰਨ ਤਲਾਕ ਨੂੰ ਖਤਮ ਕਰਨ ਦਾ ਮੁੜ ਵਾਅਦਾ ਕੀਤਾ

ਨਵੀਂ ਦਿੱਲੀ, 9 ਅਪ੍ਰੈਲ (ਪੋਸਟ ਬਿਊਰੋ)- ਭਾਰਤੀ ਜਨਤਾ ਪਾਰਟੀ ਨੇ ਆਪਣੇ ਚੋਣ ਮੈਨੀਫੈਸਟੋ ਵਿੱਚ ਕੁਝ ਅਹਿਮ ਮੁੱਦੇ ਸ਼ਾਮਲ ਕਰਕੇ ਔਰਤਾਂ ਨੂੰ ਲੁਭਾਉਣ ਦੀ ਕੋਸ਼ਿਸ਼ ਕੀਤੀ ਹੈ। ਮੁਸਲਮਾਨ ਔਰਤਾਂ ਲਈ ਸਰਾਪ ਬਣ ਚੁੱਕੇ ਤਿੰਨ ਤਲਾਕ ਅਤੇ ਨਿਕਾਹ ਹਲਾਲ ਨੂੰ ਖਤਮ ਕਰਨ ਲਈ ਕਾਨੂੰਨ ਬਣਾਉਣ ਦੀ ਗੱਲ ਕਹੀ ਗਈ ਹੈ ਤਾਂ ਪਾਰਲੀਮੈਂਟ ਅਤੇ ਵਿਧਾਨ ਸਭਾਵਾਂ ਵਿੱਚ ਔਰਤਾਂ ਲਈ 33 ਫੀਸਦੀ ਰਾਖਵੇਂਕਰਨ ਨੂੰ ਯਕੀਨੀ ਬਣਾਉਣ ਦਾ ਵਾਅਦਾ ਵੀ ਕੀਤਾ ਗਿਆ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜਦੋਂ ਕੱਲ੍ਹ ਭਾਜਪਾ ਦਾ ਮੈਨੀਫੈਸਟੋ ਜਾਰੀ ਕੀਤਾ ਤਾਂ ਇਸ ਮੌਕੇ ਭਾਜਪਾ ਪ੍ਰਧਾਨ ਅਮਿਤ ਸ਼ਾਹ, ਰਾਜਨਾਥ ਸਿੰਘ, ਸੁਸ਼ਮਾ ਸਵਰਾਜ ਤੇ ਅਰੁਣ ਜੇਤਲੀ ਸਮੇਤ ਭਾਜਪਾ ਦੇ ਕਈ ਸੀਨੀਅਰ ਨੇਤਾ ਮੌਜੂਦ ਸਨ। 'ਸੰਕਲਪ ਭਾਰਤ, ਸਸ਼ਕਤ ਭਾਰਤ' ਨਾਂ ਤੋਂ ਜਾਰੀ ਮੈਨੀਫੈਸਟੋ ਵਿੱਚ ਭਾਜਪਾ ਔਰਤਾਂ ਦੇ ਸੰਪੂਰਨ ਵਿਕਾਸ, ਟਰਾਂਸਜੈਂਡਰ, ਸੀਨੀਅਰ ਨਾਗਰਿਕਾਂ ਤੇ ਅਪਾਹਜਾਂ ਦੇ ਹਿੱਤ ਵਿੱਚ ਕਈ ਅਹਿਮ ਕਦਮ ਉਠਾਉਣ ਦਾ ਸੰਕਲਪ ਦੁਹਰਾਇਆ ਹੈ। ਪਾਰਟੀ ਨੇ ਕਿਹਾ ਹੈ ਕਿ ਉਸ ਨੇ ਔਰਤਾਂ ਦੇ ਸੰਪੂਰਨ ਵਿਕਾਸ ਅਤੇ ਲਿੰਗ ਸਮਾਨਤਾ ਨੂੰ ਬੜ੍ਹਾਵਾ ਦੇਣ ਲਈ ਕਈ ਮੌਲਿਕ ਕਦਮ ਉਠਾਏ ਸਨ। ਭਾਜਪਾ ਨੇ ਆਪਣੇ ਮੈਨੀਫੈਸਟੋ ਵਿੱਚ ਵਾਅਦਾ ਕੀਤਾ ਹੈ, 'ਆਪਣੇ ਕੰਮ ਨੂੰ ਜਾਰੀ ਰੱਖਦੇ ਹੋਏ ਅਸੀਂ ਤਿੰਨ ਤਲਾਕ ਅਤੇ ਨਿਕਾਹ ਹਲਾਲਾ ਵਰਗੀ ਪ੍ਰਥਾ ਨੂੰ ਰੋਕਣ ਅਤੇ ਉਨ੍ਹਾਂ ਨੂੰ ਖਤਮ ਕਰਨ ਲਈ ਕਾਨੂੰਨ ਬਣਾਵਾਂਗੇ।'

ਵਰਨਣ ਯੋਗ ਹੈ ਕਿ ਮੋਦੀ ਸਰਕਾਰ ਨੇ ਤਿੰਨ ਤਲਾਕ ਨੂੰ ਅਪਰਾਧ ਬਣਾਉਣ ਲਈ ਪਾਰਲੀਮੈਂਟ ਵਿੱਚ ਬਿੱਲ ਪੇਸ਼ ਕੀਤਾ ਸੀ, ਪਰ ਵਿਰੋਧੀ ਧਿਰ ਦੇ ਵਿਰੋਧ ਕਾਰਨ ਬਿੱਲ ਨੂੰ ਪਾਰਲੀਮੈਂਟ ਦੀ ਮਨਜ਼ੂਰੀ ਨਹੀਂ ਮਿਲ ਸਕੀ। ਮੈਨੀਫੈਸਟੋ ਵਿੱਚ ਕਿਹਾ ਗਿਆ ਹੈ ਕਿ ਸਰਕਾਰ ਸਾਰੇ ਖੇਤਰਾਂ ਵਿੱਚ ਔਰਤਾਂ ਦੇ ਕਲਿਆਣ ਅਤੇ ਵਿਕਾਸ ਨੂੰ ਪਹਿਲ ਦੇਵੇਗੀ। ਸੰਵਿਧਾਨ ਵਿੱਚ ਸੋਧ ਦੇ ਰਾਹੀਂ ਪਾਰਲੀਮੈਂਟ ਅਤੇ ਸੂਬਾ ਵਿਧਾਨ ਸਭਾਵਾਂ ਵਿੱਚ ਔਰਤਾਂ ਲਈ 33 ਫੀਸਦੀ ਰਾਖਵਾਂਕਰਨ ਯਕੀਨੀ ਕਰੇਗੀ। ਭਾਜਪਾ ਨੇ ਸਾਰੀਆਂ ਘੱਟ ਗਿਣਤੀਆਂ ਨੂੰ ਸਸ਼ਕਤ ਬਣਾਉਣ ਅਤੇ ਸਨਮਾਨ ਨਾਲ ਉਨ੍ਹਾਂ ਦੇ ਵਿਕਾਸ ਨੂੰ ਲੈ ਕੇ ਪ੍ਰਤੀਬੱਧਤਾ ਪ੍ਰਗਟਾਈ ਹੈ। ਵਰਨਣ ਯੋਗ ਹੈ ਕਿ ਘੱਟ ਗਿਣਤੀਆਂ ਨੂੰ ਨਜ਼ਰ ਅੰਦਾਜ਼ ਕਰਨ ਦੇ ਦੋਸ਼ ਹੇਠ ਭਾਜਪਾ ਦੀ ਆਲੋਚਨਾ ਕੀਤੀ ਜਾਂਦੀ ਹੈ। ਭਾਜਪਾ ਨੇ ਟ੍ਰਾਸਜੈਂਡਰ ਭਾਈਚਾਰੇ ਨੂੰ ਸਮਾਜਿਕ ਆਰਥਿਕ ਤੇ ਨੀਤੀਗਤ ਉਪਾਅ ਨਾਲ ਸਮਾਜ ਦੀ ਮੁੱਖ ਧਾਰਾ ਵਿੱਚ ਲਿਆਉਣ ਦਾ ਸੰਕਲਪ ਕੀਤਾ ਹੈ। ਇਸ ਭਾਈਚਾਰੇ ਦੇ ਨੌਜਵਾਨਾਂ ਲਈ ਸਵੈ ਰੁਜ਼ਗਾਰ ਅਤੇ ਕੌਸ਼ਲ ਵਿਕਾਸ ਦੇ ਮੌਕੇ ਮੁਹੱਈਆ ਕਰਵਾਉਣ ਦਾ ਵੀ ਵਾਅਦਾ ਕੀਤਾ ਹੈ। ਸੀਨੀਅਰ ਨਾਗਰਿਕਾਂ ਲਈ 'ਰਾਸ਼ਟਰੀ ਵਯੋਸ਼੍ਰੀ ਯੋਜਨਾ' ਨੂੰ ਮਜ਼ਬੂਤ ਕਰਨ ਦਾ ਭਰੋਸਾ ਦਿੱਤਾ ਹੈ, ਜਿਸ ਨਾਲ ਕਿ ਗਰੀਬ ਸੀਨੀਅਰ ਨਾਗਰਿਕਾਂ ਨੂੰ ਜ਼ਰੂਰੀ ਸਹਾਇਕ ਉਪਕਰਣ ਸਮੇਂ 'ਤੇ ਮਿਲ ਸਕਣ। ਭਾਜਪਾ ਨੇ ਪ੍ਰਧਾਨ ਮੰਤਰੀ ਆਵਾਸ ਯੋਜਨਾ ਤਹਿਤ ਅਪਾਹਜ ਲਾਭਪਾਤਰੀਆਂ ਨੂੰ ਪਹਿਲ ਦਾ ਵਾਅਦਾ ਕੀਤਾ ਹੈ।


jobs! jobs! jobs! jobs! jobs!

DUNDAS·JAFINE

HELP WANTED

ਕਾਮਿਆਂ ਦੀ ਲੋੜ

ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Road – See Kamal 905-458-4733
80 West Drive – See Ravinder 905-450-7200

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com



NEED A LAWYER ??

Red Seal NOTARY

KAUR LAW OFFICE

MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1



PLATINUM MORTGAGES
FOR ALL MORTGAGE NEEDS

QUICK MORTGAGE ARRANGEMENT
2ND MORTGAGE
- NO CREDIT CHECK
- NO APPLICATION FEE
- NO JOB INCOME VERIFICATION
- NO PROBLEM

1ST MORTGAGE Starting from 2.59 % OAC

SPECIAL RATES FOR REFINANCING
Professional & Quality Service Guaranteed

Kanwaljit S. Dhunna
Mortgage broker
416.301.1976
Email: kdhunna62@gmail.com
Lic # 11992 FSCO # M08002472

- 1st & 2nd Mortgages
- Refinancing & Renewal
- Line of Credit
- Debt Consolidation
- Self Employed
- Truck Loan
- Equipment Leasing
- Bad Credit

5 CHERRYCREST DR. #206 BRAMPTON L6P 3W4



UPPAL LAW
FREE CONSULTATION !

Avtar Uppal
Manager

Aman Uppal
BARRISTER, SOLICITOR

IMMIGRATION SERVICES :
- Visitor Visa ($200)
- Supervisa ($200)
- Study, Work, Visitor Extension ($125)
- Spousal Applications ($600)
- Family Sponsorship
- Permanent Residence Card Renewal ($65)
- Citizenship Applications ($70)
- All Invitation letters ($35)

OTHER PRACTICES:
- Criminal Law
- Power of Attorney ($60)
- Change of Name ($115)
- Notarization ($15)
- Travel Consent ($20)
- Affidavit ($35)
- Landlord and Tenant Matters ($250)

Prices are subject to Taxes, do not include Government fees and service by appointment only.
Offer valid until 9/30/201

Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6

# ਸਕੂਲ ਵਿੱਚ ਬੱਚਿਆਂ ਦੀਆਂ ਬਦਮਾਸ਼ੀਆਂ ਰੋਬੋਟ ਰੋਕੇਗਾ



ਟੋਕੀਓ, 9 ਅਪ੍ਰੈਲ (ਪੋਸਟ ਬਿਊਰੋ)- ਜਾਪਾਨ ਵਿੱਚ ਸਕੂਲੀ ਬੱਚਿਆਂ ਵਿਚਾਲੇ ਕੁੱਟਮਾਰ ਰੋਕਣ ਲਈ ਕਲਾਸ ਵਿੱਚ ਰੋਬੋਟ ਲਾਏ ਜਾਣਗੇ। ਇਹ ਕਲਾਸ ਵਿੱਚ ਬੱਚਿਆਂ ਦੀਆਂ ਬਦਮਾਸ਼ੀਆਂ ਰੋਕਣਗੇ।

ਬੱਚਿਆਂ ਵਿੱਚ ਹੋਣ ਵਾਲੀ ਬਹਿਸ, ਕੁੱਟਮਾਰ ਦੇ ਸੰਕੇਤਾਂ ਨੂੰ ਰੋਬੋਟ ਤੁਰੰਤ ਪਛਾਣ ਲਵੇਗਾ ਅਤੇ ਇਸ ਤੋਂ ਪਹਿਲਾਂ ਕਿ ਗੱਲ ਅੱਗੇ ਵਧੇ, ਉਸ ਨੂੰ ਉਥੇ ਹੀ ਰੋਕ ਦਿੱਤਾ ਜਾਇੇਗਾ। ਇਹੀ ਇਸ ਦਾ ਮੁੱਖ ਕੰਮ ਹੋਵੇਗਾ। ਇਸ ਨਾਲ ਟੀਚਰਾਂ ਨੂੰ ਕਾਫੀ ਰਾਹਤ ਮਿਲੇਗੀ। ਜਾਪਾਨ ਦੇ ਪੱਛਮੀ ਸੂਬੇ ਓਤਸੁ ਵਿੱਚ ਇਸੇ ਮਹੀਨੇ ਤੋਂ ਇਨ੍ਹਾਂ ਰੋਬੋਟਾਂ ਦੀ ਤੈਨਾਤੀ ਸ਼ੁਰੂ ਕਰ ਦਿੱਤੀ ਗਈ ਹੈ। ਜਾਪਾਨ ਵਿੱਚ ਪਿਛਲੇ ਸਾਲ ਸਕੂਲੀ ਬੱਚਿਆਂ ਵਿਚਾਲੇ ਝਗੜੇ ਦੇ ਚਾਰ ਲੱਖ ਤੋਂ ਵੱਧ ਮਾਮਲੇ ਦਰਜ ਕੀਤੇ ਗਏ ਸਨ। 10 ਬੱਚਿਆਂ ਨੇ ਇਸੇ ਸ਼ਿਕਾਇਤ ਦੇ ਕਾਰਨ ਖੁਦਕੁਸ਼ੀ ਤੱਕ ਕਰ ਲਈ ਸੀ। ਏਸੇ ਲਈ ਸਰਕਾਰ ਨੇ ਸਾਰੇ ਸਕੂਲਾਂ ਵਿੱਚ ਰੋਬੋਟ ਦੀ ਤੈਨਾਤੀ ਦਾ ਫੈਸਲਾ ਕੀਤਾ ਹੈ। ਸਕੂਲ ਵਿੱਚ ਰੋਬੋਟ ਤੈਨਾਤ ਕਰਨ ਤੋਂ ਪਹਿਲਾਂ ਓਥੇ ਬੱਚਿਆਂ ਦੇ ਵਿੱਚ ਝਗੜੇ ਦੇ ਨੌਂ ਹਜ਼ਾਰ ਪੁਰਾਣੇ ਮਾਮਲੇ ਫੀਡ ਕੀਤੇ ਗਏ। ਉਸ ਦਾ ਵਿਸ਼ਲੇਸ਼ਣ ਕਰਵਾਇਆ ਗਿਆ ਤਾਂ ਕਿ ਉਹ ਇਸ ਨੂੰ ਆਪਣੀ ਮੈਮਰੀ ਵਿੱਚ ਲੈ ਲਵੇ। ਇਸ ਦੇ ਬਾਅਦ ਕਲਾਸ ਵਿੱਚ ਬੈਠੇ ਬੱਚਿਆਂ ਦੇ ਵਿੱਚ ਉਸ ਦਾ ਪ੍ਰੀਖਣ ਕੀਤਾ ਗਿਆ। ਪ੍ਰੀਖਣ ਵਿੱਚ ਬਹਿਸ ਅਤੇ ਕੁੱਟਮਾਰ ਦੀ ਘਟਨਾ ਰੋਬੋਟ ਨੇ ਤੁਰੰਤ ਪਛਾਣ ਲਈ ਅਤੇ ਟੀਚਰ ਨੂੰ ਸਾਵਧਾਨ ਕਰ ਦਿੱਤਾ।

# ਅਮਰੀਕਾ ਨੇ ਸਾਊਦੀ ਅਰਬ ਦੇ 16 ਅਫਸਰਾਂ ਦੇ ਦਾਖ਼ਲੇ ਹੋਣ ਦੀ ਰੋਕ ਲਾਈ

ਵਾਸ਼ਿੰਗਟਨ, 9 ਅਪ੍ਰੈਲ (ਪੋਸਟ ਬਿਊਰੋ)- ਪੱਤਰਕਾਰ ਜਮਾਲ ਖਸ਼ੋਗੀ ਕਤਲ ਕਾਂਡ ਪਿੱਛੋਂ ਨਿਖੇਧੀ ਦਾ ਸਾਹਮਣਾ ਕਰ ਰਹੇ ਟਰੰਪ ਪ੍ਰਸ਼ਾਸਨ ਨੇ ਸਾਊਦੀ ਅਰਬ ਦੇ 16 ਅਧਿਕਾਰੀਆਂ ਦੇ ਅਮਰੀਕਾ ਵਿੱਚ ਦਾਖ਼ਲੇ ਦੀ ਪਾਬੰਦੀ ਲਾ ਦਿੱਤੀ ਹੈ। ਇਨ੍ਹਾਂ ਵਿੱਚ ਸਾਊਦੀ ਅਰਬ ਦੇ ਕਰਾਊਨ ਪ੍ਰਿੰਸ ਮੁਹੰਮਦ ਬਿਨ ਸਲਮਾਨ ਦੇ ਕਰੀਬੀ ਸਾਊਦ-ਅਲ-ਕਹਤਾਨੀ ਸ਼ਾਮਲ ਹਨ।



ਮ੍ਰਿਤਕ ਜਮਾਲ ਖਸ਼ੋਗੀ ਦੀ ਫਾਇਲ ਫੋਟੋ।

ਅਮਰੀਕੀ ਵਿਦੇਸ਼ ਮੰਤਰੀ ਮਾਈਕ ਪੌਂਪੀਓ ਨੇ ਸੋਮਵਾਰ ਨੂੰ ਜਾਰੀ ਕੀਤੇ ਬਿਆਨ ਵਿੱਚ ਕਿਹਾ ਹੈ ਕਿ ਮੰਤਰਾਲੇ ਦੇ ਕੋਲ ਭਰੋਸੇ ਯੋਗ ਜਾਣਕਾਰੀ ਹੈ ਕਿ ਇਹ ਅਧਿਕਾਰੀ ਭ੍ਰਿਸ਼ਟਾਚਾਰ ਜਾਂ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਨਾਲ ਜੁੜੇ ਹਨ, ਇਸ ਲਈ ਇਹ ਲੋਕ ਤੇ ਇਨ੍ਹਾਂ ਦੇ ਪਰਿਵਾਰਕ ਮੈਂਬਰ ਅਮਰੀਕਾ ਵਿੱਚ ਦਾਖ਼ਲ ਹੋਣ ਲਈ ਅਯੋਗ ਹੋ ਗਏ ਹਨ। ਇਸ ਤੋਂ ਪਹਿਲਾਂ ਵਿਦੇਸ਼ ਮੰਤਰਾਲੇ ਨੇ ਸਾਊਦੀ ਅਰਬ ਦੇ ਕਰੀਬ ਦੋ ਦਰਜਨ ਅਪਸਰਾਂ ਦੇ ਵੀਜ਼ੇ ਰੱਦ ਕੀਤੇ ਅਤੇ 17 ਹੋਰਨਾਂ ਦੀਆਂ ਜਾਇਦਾਦਾਂ ਨੂੰ ਜ਼ਬਤ ਕੀਤਾ ਸੀ। ਦੱਸਿਆ ਗਿਆ ਹੈ ਕਿ ਕਰਾਊਨ ਪ੍ਰਿੰਸ ਦੇ ਕਰੀਬੀ ਸਹਿਯੋਗੀ ਸਾਊਦ-ਅਲ-ਕਹਤਾਨੀ ਦੀ ਨਿਗਰਾਨੀ ਵਿੱਚ ਹੀ ਖਸ਼ੋਗੀ ਦਾ ਕਤਲ ਕੀਤਾ ਗਿਆ ਸੀ। ਅਮਰੀਕਾ ਦੀ ਖ਼ੁਫ਼ੀਆ ਏਜੰਸੀ ਦੇ ਅਧਿਕਾਰੀਆਂ ਮੁਤਾਬਕ ਅਲ-ਕਹਤਾਨੀ ਨੇ ਇਕ ਟੀਮ ਬਣਾਈ ਸੀ, ਜੋ ਕਰਾਊਨ ਦੇ ਵਿਰੋਧੀਆਂ ਦਾ ਮੂੰਹ ਬੰਦ ਕਰਾਉਣ ਜਾਂ ਉਨ੍ਹਾਂ ਦਾ ਕੰਮ ਖ਼ਤਮ ਕਰਨ ਦਾ ਕੰਮ ਕਰਦੀ ਸੀ।

# ਆਸਟਰੇਲੀਆਨ ਪੁਲਸ ਨੇ ਰਵਨੀਤ ਕੌਰ ਕਤਲ ਬਾਰੇ ਕਿਰਨਜੀਤ ਤੋਂ ਛੇ ਘੰਟੇ ਪੁੱਛਗਿੱਛ ਕੀਤੀ

ਬ੍ਰਿਸਬੇਨ, 9 ਅਪ੍ਰੈਲ (ਪੋਸਟ ਬਿਊਰੋ)- ਆਸਟਰੇਲੀਆ ਤੋਂ ਪੰਜਾਬ 'ਚ ਪਰਵਾਰ ਨੂੰ ਮਿਲਣ ਗਈ ਰਵਨੀਤ ਕੌਰ ਪੰਜਾਬ ਦੇ ਫਿਰੋਜ਼ਪੁਰ ਤੋਂ ਆਪਣੇ ਮਾਂ ਬਾਪ ਦੇ ਘਰ ਤੋਂ ਲਾਪਤਾ ਹੋਣ ਪਿੱਛੋਂ ਮ੍ਰਿਤਕ ਸਰੀਰ ਭਾਖੜਾ ਨਹਿਰ 'ਚੋਂ ਬਰਾਮਦ ਹੋਣ ਉਪਰੋਂ ਸਾਰੇ ਆਸਟਰੇਲੀਆ ਭਰ 'ਚ ਸੋਗ ਦੀ ਲਹਿਰ ਫੈਲ ਗਈ ਸੀ। ਪੰਜਾਬ ਪੁਲਸ ਵੱਲੋਂ ਇਸ ਕਤਲ ਦੀਆਂ ਤਾਰਾਂ ਮ੍ਰਿਤਕ ਰਵਨੀਤ ਕੌਰ ਦੇ ਪਤੀ ਨਾਲ ਜੋੜ ਦੇਣ ਨਾਲ ਇਹ ਮਾਮਲਾ ਹੋਰ ਗੰਭੀਰ ਹੋ ਗਿਆ ਸੀ।





ਮ੍ਰਿਤਕ ਰਵਨੀਤ ਕੌਰ ਦੀ ਫਾਇਲ ਫੋਟੋ।

ਬ੍ਰਿਸਬੇਨ ਤੋਂ 70 ਕਿਲੋਮੀਟਰ ਦੂਰੀ 'ਤੇ ਗੋਲਡ ਕੋਸਟ, ਜਿਥੇ ਰਵਨੀਤ ਕੌਰ ਆਪਣੇ ਪਤੀ ਤੇ ਬੇਟੀ ਨਾਲ ਰਹਿੰਦੀ ਸੀ, ਦੀ ਆਸਟਰੇਲੀਅਨ ਫੈਡਰਲ ਪੁਲਸ ਨੇ ਮ੍ਰਿਤਕ ਰਵਨੀਤ ਕੌਰ ਦੀ ਸਹੇਲੀ ਕਿਰਨਜੀਤ ਕੌਰ ਨਾਲ ਇਸ ਕੇਸ ਸਬੰਧੀ ਪੁੱਛਗਿੱਛ ਕੀਤੀ। ਸਰਫਰ ਪੈਰਾਡਾਇਸ ਪੁਲਸ ਸਟੇਸ਼ਨ ਵਿਖੇ ਛੇ ਘੰਟੇ ਪੁੱਛਗਿੱਛ ਚੱਲੀ। ਇਸ ਮੌਕੇ ਕਿਰਨਜੀਤ ਕੌਰ ਦੇ ਵਕੀਲ ਕ੍ਰਿਸ ਰੌਸਰ ਨੇ ਦੱਸਿਆ ਕਿ ਕਿਰਨਜੀਤ ਕੌਰ ਨੇ ਇਸ ਘਟਨਾ ਵਿੱਚ ਸ਼ਾਮਲ ਹੋਣ ਤੋਂ ਇਨਕਾਰ ਕੀਤਾ ਹੈ ਅਤੇ ਉਹ ਜਾਂਚ ਵਿੱਚ ਪੁਲਸ ਦੀ ਮਦਦ ਕਰ ਰਹੀ ਹੈ। ਪੰਜਾਬ ਪੁਲਸ ਇਸ ਕਤਲ 'ਚ ਪਤੀ ਜਸਪ੍ਰੀਤ ਸਿੰਘ ਅਤੇ ਸਹੇਲੀ ਕਿਰਨਜੀਤ ਕੌਰ ਨੂੰ ਜੋੜਨ ਉਪਰੰਤ ਉਨ੍ਹਾਂ ਦੋਵਾਂ ਨੂੰ ਪੁੱਛਗਿੱਛ ਲਈ ਪੰਜਾਬ ਮੰਗਵਾਉਣਾ ਚਾਹੁੰਦੀ ਹੈ। ਪੰਜਾਬੀ ਭਾਈਚਾਰੇ ਵੱਲੋਂ ਮ੍ਰਿਤਕ ਰਵਨੀਤ ਕੌਰ ਦੀ ਯਾਦ ਵਿੱਚ ਜਿਥੇ ਵੀਕੈਂਡ 'ਚ ਇਕੱਠ ਕਰਕੇ ਯਾਦ ਕੀਤਾ ਗਿਆ ਹੈ।

# ਅੰਤਰਰਾਸ਼ਟਰੀ ਦਬਾਅ ਦੇ ਚਲਦੇ ਚੀਨ ਨੇ ਕੁਝ ਝੁਕ ਕੇ ਇੰਪੋਰਟ ਟੈਕਸ ਘਟਾਇਆ





ਬੀਜਿੰਗ, 9 ਅਪ੍ਰੈਲ (ਪੋਸਟ ਬਿਊਰੋ)- ਖਰਾਬ ਵਪਾਰਕ ਨੀਤੀਆਂ ਦੇ ਲਈ ਸਾਰੀ ਦੁਨੀਆ ਵਿੱਚ ਬਦਨਾਮ ਚੀਨ ਉਤੇ ਅੰਤਰਰਾਸ਼ਟਰੀ ਦਬਾਅ ਦਾ ਅਸਰ ਦਿਸਣ ਲੱਗਾ ਹੈ। ਉਸ ਨੇ ਕੱਲ੍ਹ ਕਿਹਾ ਕਿ ਉਹ ਕਈ ਖਪਤਕਾਰ ਚੀਜ਼ਾਂ ਦੇ ਇੰਪੋਰਟ ਟੈਕਸ ਨੂੰ ਘਟਾਏਗਾ। ਇਨ੍ਹਾਂ ਵਿੱਚ ਫਰਨੀਚਰ ਤੋਂ ਲੈ ਕੇ ਸਾਈਕਲ ਤੱਕ ਉਤਪਾਦ ਆਉਂਦੇ ਹਨ।

ਵਰਨਣ ਯੋਗ ਹੈ ਕਿ ਚੀਨ ਅਤੇ ਅਮਰੀਕਾ ਵਿਚਾਲੇ ਵਪਾਰਕ ਜੰਗ ਚੱਲ ਰਹੀ ਹੈ ਅਤੇ ਉਨ੍ਹਾਂ ਨੇ ਇੱਕ-ਦੂਸਰੇ ਦੇ ਕੁੱਲ 360 ਅਰਬ ਡਾਲਰ ਦੇ ਉਤਪਾਦਾਂ 'ਤੇ ਟੈਕਸ ਥੋਪ ਦਿੱਤਾ ਹੈ। ਹਾਲ ਵਿੱਚ ਯੂਰਪ ਨੇ ਚਿਤਾਵਨੀ ਦਿੱਤੀ ਹੈ ਕਿ ਉਹ ਚੀਨ ਦੀ ਅਣਉਚਿਤ ਵਪਾਰਕ ਨੀਤੀ ਦੇ ਕਾਰਨ ਉਸ ਦੇ ਵਿਰੁੱਧ ਕਾਰਵਾਈ ਕਰੇਗਾ। ਚੀਨ ਦੇ ਸਟੇਟ ਕੌਂਸਲ ਦੇ ਟੈਰਿਫ ਕਮਿਸ਼ਨ ਨੇ ਕਿਹਾ ਕਿ ਕਿਤਾਬ, ਕੰਪਿਊਟਰ, ਖੁਰਾਕ ਉਤਪਾਦ, ਫਰਨੀਰ ਤੇ ਦਵਾ ਵਰਗੇ ਉਤਪਾਦਾਂ 'ਤੇ ਚੀਨ ਦਾ ਟੈਕਸ ਕੱਲ੍ਹ ਤੋਂ ਘੱਟ ਕੇ 13 ਫੀਸਦੀ ਹੋ ਜਾਏਗਾ। ਇਨ੍ਹਾਂ ਵਸਤੂਆਂ 'ਤੇ ਹੁਣ ਤੱਕ 15 ਫੀਸਦੀ ਟੈਕਸ ਲੱਗ ਰਿਹਾ ਸੀ। ਇਸ ਦੇ ਇਲਾਵਾ ਸਪੋਰਟਿੰਗ ਗੁਡਸ, ਫਿਸ਼ਿੰਗ ਸਪਲਾਈਜ਼, ਟੈਕਸਟਾਈਲ, ਇਲੈਕਟ੍ਰੌਨਿਕ ਇੰਪਲਾਈਸਿੰਜ਼ ਅਤੇ ਸਾਈਕਲਾਂ 'ਤੇ ਲੱਗਣ ਵਾਲਾ ਇੰਪੋਰਟ ਟੈਕਸ ਵੀ 25 ਫੀਸਦੀ ਤੋਂ ਘਟ ਕੱ 20 ਫੀਸਦੀ ਹੋ ਜਾਏਗਾ।

ਯੂਰਪ ਦੇ ਸੀਨੀਅਰ ਨੇਤਾ ਇਸ ਹਫਤੇ ਬ੍ਰਸੇਲਸ ਸ਼ਿਖਰ ਸੰਮੇਲਨ ਵਿੱਚ ਚੀਨ ਦੇ ਪ੍ਰਧਾਨ ਮੰਤਰੀ ਲੀ ਕੇਕਿਆਂਗ ਨੂੰ ਮਿਲਣ ਵਾਲੇ ਹਨ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਬੀਤੇ ਸ਼ੁੱਕਰਵਾਰ ਨੂੰ ਕਿਹਾ ਸੀ ਕਿ ਅਮਰੀਕਾ ਅਤੇ ਚੀਨ ਵਿਚਾਲੇ ਵਪਾਰਕ ਜੰਗ ਨੂੰ ਖਤਮ ਕਰਨ ਲਈ ਚੱਲ ਰਹੀ ਵਾਰਤਾ ਵਿੱਚ ਪ੍ਰਗਤੀ ਹੋ ਰਹੀ ਹੈ। ਉਨ੍ਹਾਂ ਨੇ ਇਸ ਦੀ ਸਫਲਤਾ ਦੇ ਬਾਰੇ ਵਿੱਚ ਵਿਸ਼ੇਸ਼ ਟਿੱਪਣੀ ਨਹੀਂ ਸੀ ਕੀਤੀ। ਅਮਰੀਕਾ ਦੇ ਵਪਾਰਕ ਵਫਦ ਰਾਬਰਟ ਲਾਈਟਹਾਈਜ਼ਰ ਅਤੇ ਵਿੱਤ ਮੰਤਰੀ ਸਟੀਵਨ ਨਿਊਚਿਨ ਨੇ ਤਿਨ ਤੋਂ ਪੰਜ ਅਪ੍ਰੈਲ ਤੱਕ ਵਾਸ਼ਿੰਗਟਨ ਵਿੱਚ ਚੀਨ ਦੇ ਉਪ ਪ੍ਰਧਾਨ ਮੰਤਰੀ ਲਿਊ ਹੇ ਦੇ ਨਾਲ ਆਪਸੀ ਵਪਾਰ ਦੇ ਮੁੱਦੇ 'ਤੇ ਵਾਰਤਾ ਕੀਤੀ ਸੀ।

# ਇਨਸਾਨਾਂ ਦੀ ਭਾਸ਼ਾ ਨੂੰ ਸਮਝ ਲੈਂਦੀਆਂ ਹਨ ਬਿੱਲੀਆਂ

ਟੋਕੀਓ, 9 ਅਪ੍ਰੈਲ (ਪੋਸਟ ਬਿਊਰੋ)- ਕੁੱਤਿਆਂ, ਡਾਲਫਿਨਾਂ ਅਤੇ ਤੋਤੇ ਦੀ ਤਰ੍ਹਾਂ ਬਿੱਲੀਆਂ ਵੀ ਮਨੁੱਖੀ ਭਾਸ਼ਾ ਨੂੰ ਆਸਾਨੀ ਨਾਲ ਸਮਝ ਲੈਂਦੀਆਂ ਹਨ। ਜਾਪਾਨ ਵਿੱਚ ਹੋਈ ਇੱਕ ਖੋਜ ਮੁਤਾ-ਬਕ ਜਿੱਥੇ ਕੁੱਤੇ ਆਪਣੇ ਮਾਲਕ ਦੇ ਕਹੇ ਸ਼ਬਦ ਤੇ ਬੋਲਦੇ ਸਮੇਂ ਆਵਾਜ਼ ਦੇ ਉਤਾਰਅ-ਚੜ੍ਹਾਅ ਨੂੰ ਪਛਾਣ ਲੈਂਦੇ ਹਨ, ਉਥੇ ਬਿੱਲੀਆਂ ਵੀ ਉਨ੍ਹਾਂ ਤੋਂ ਘੱਟ ਨਹੀਂ ਹਨ। ਉਹ ਵੀ ਆਪਣੇ ਮਾਲਕ ਦੇ ਹਾਵ-ਭਾਵ ਸਮਝਣ ਦੇ ਨਾਲ ਉਨ੍ਹਾਂ ਦੇ ਕਹੇ ਸ਼ਬਦ ਮਹਿਸੂਸ ਕਰਦੀਆਂ ਹਨ।

ਇਹ ਪਹਿਲੀ ਅਜਿਹੀ ਰਿਸਰਚ ਹੈ ਜਿਸ ਵਿੱਚ ਬਿੱਲੀਆਂ ਦੇ ਮਨੁੱਖੀ ਭਾਸ਼ਾ ਸਮਝਣ ਦੀ ਗੱਲ ਸਾਹਮਣੇ ਆਈ ਹੈ। ਸੋਫੀਆ ਯੂਨੀਵਰਸਿਟੀ ਦੇ ਡਾਕਟਰ ਅਤਸੁਕੋ ਸਾਇਤੋ ਕਹਿੰਦੇ ਹਨ, ਕੁੱਤਿਆਂ ਦੇ ਮਨੁੱਖਾਂ ਦੇ ਨਾਲ ਸੰਚਾਰ ਨੂੰ ਲੈ ਕੇ ਕਈ ਖੋਜ ਹੋ ਚੁੱਕੇ ਹਨ ਅਤੇ ਮੇਰਾ ਮੰਨਣਾ ਹੈ ਕਿ ਬਿੱਲੀਆਂ ਦੀ ਇਸ ਸਮਰੱਥਾ ਦਾ ਵੀ ਪਤਾ ਲਗਾਉਣਾ ਚਾਹੀਦਾ ਹੈ, ਇਸ ਲਈ ਇਹ ਖੋਜ ਕਰਵਾਈ ਗਈ। ਬ੍ਰਿਸਟਲ ਯੂਨੀਵਰਸਿਟੀ ਵਿੱਚ ਕੁੱਤਿਆਂ ਤੇ ਬਿੱਲੀਆਂ ਦੇ ਵਿਹਾਰ 'ਤੇ ਖੋਜ ਕਰ ਚੁੱਕੇ ਡਾਕਟਰ ਜਾਨ ਬ੍ਰੈਡਸ਼ਾਅ ਇਸ ਖੋਜ ਨਾਲ ਸਹਿਮਤ ਨਹੀਂ। ਉਨ੍ਹਾਂ ਦਾ ਕਹਿਣਾ ਹੈ ਕਿ ਮੇਰੇ ਖਿਆਲ ਤੋਂ ਇਹ ਖੋਜ ਕੈਟ-ਹਿਊਮਨ ਰਿਲੇਸ਼ਨਸ਼ਿਪ ਦੇ ਬਾਰੇ ਖਾਸ ਜਾਣਕਾਰੀ ਨਹੀਂ ਦਿੰਦੀ। ਬੱਸ ਇਹੀ ਪਤਾ ਲੱਗਦਾ ਹੈ ਕਿ ਬਿੱਲੀਆਂ ਕੁਝ ਖਾਸ ਆਵਾਜ਼ਾਂ ਨੂੰ ਪਛਾਣ ਸਕਦੀਆਂ ਹਨ। ਕਿਉਂਕਿ ਉਹ ਮਾਲਕਾਂ ਦੇ ਨਾਲ ਰਾਤ-ਦਿਨ ਰਹਿੰਦੀ ਹੈ, ਇਸ ਲਈ ਮਾਲਕ ਨੂੰ ਆਵਾਜ਼ ਆਸਾਨੀ ਨਾਲ ਪਛਾਣ ਲੈਂਦੀਆਂ ਹਨ। ਸਾਇਤੋ ਨੇ ਦੱਸਿਆ, ਖੋਜ ਵਿੱਚ 16 ਬਿੱਲੀਆਂ ਨੂੰ ਉਨ੍ਹਾਂ ਦੇ ਮਾਲਕਾਂ ਦੀ ਆਵਾਜ਼ ਵਿੱਚ ਚਾਰ ਸ਼ਬਦ ਸੁਣਾਏ। ਇਸ ਦੌਰਾਨ 11 ਨੇ ਪ੍ਰਤੀਕਿਰਿਆ ਦਿੱਤੀ ਜਿਸ ਦਾ ਮਤਲਬ ਸੀ ਕਿ ਉਹ ਆਪਣੇ ਮਾਲਕ ਦੀ ਆਵਾਜ਼ ਸੀ ਕਿ ਉਹ ਆਪਣੇ ਮਾਲਕ ਦੀ ਆਵਾਜ਼ ਚੰਗੀ ਤਰ੍ਹਾਂ ਪਛਾਣਦੀਆਂ ਸਨ।

# ਸੀ ਪੀ ਈ ਸੀ ਪਾਕਿਸਤਾਨ ਦਾ ਆਰਥਿਕ ਜੋਖਮ ਨਹੀਂ ਵਧਾਏਗਾ: ਚੀਨ

ਪੇਈਚਿੰਗ, 9 ਅਪ੍ਰੈਲ (ਪੋਸਟ ਬਿਊਰੋ)- ਚੀਨ-ਪਾਕਿਸਤਾਨ ਆਰਥਿਕ ਗਲਿਆਰੇ (ਸੀ ਪੀ ਈ ਸੀ) ਤੋਂ ਪਾਕਿਸਤਾਨ ਦਾ ਆਰਥਿਕ ਜੋਖਮ ਡੂੰਘਾ ਹੋਣ ਦੀ ਆਲੋਚਨਾ ਨੂੰ ਚੀਨ ਨੇ ਰੱਦ ਕਰ ਦਿੱਤਾ। ਉਸ ਨੇ ਕਿਹਾ ਕਿ ਇਸ ਨਾਲ ਵਿਕਸਿਤ ਕੀਤੀਆਂ ਜਾ ਰਹੀਆਂ 20 ਪ੍ਰਤੀਸ਼ਤ ਤੋਂ ਘੱਟ ਯੋਜਨਾਵਾਂ ਵਿੱਚ ਚੀਨ ਦੇ ਕਰਜ਼ੇ ਦੀ ਵਰਤੋਂ ਹੋ ਰਹੀ ਹੈ। ਸੀ ਪੀ ਈ ਸੀ, ਚੀਨ ਦੇ ਸ਼ਿਨਜਿਆਂਗ ਪ੍ਰਾਂਤ ਨੂੰ ਬਲੋਚਿਸਤਾਨ ਦੇ ਗਵਾਦਰ ਹਵਾਈ ਅੱਡੇ ਨੂੰ ਜੋੜਨ ਦੀ ਯੋਜਨਾ ਹੈ। 60 ਅਰਬ ਡਾਲਰ ਦੀ ਇਹ ਯੋਜਨਾ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਦੀ ਮਹੱਤਵ ਪੂਰਨ 'ਬੈਲਟ ਐਂਡ ਰੋਡ ਇਨੀਸ਼ਿਏਟਿਵ' (ਬੀ ਆਰ ਆਈ) ਦਾ ਹਿੱਸਾ ਹੈ। ਚੀਨ ਦੇ ਬੀ ਆਰ ਆਈ ਯੋਜਨਾ 'ਤੇ ਅੱਗੇ ਵਧਣ ਦੇ ਨਾਲ ਇਸ ਦੀ ਸਖਤ ਆਲੋਚਨਾ ਹੋ ਰਹੀ ਹੈ। ਆਲੋਚਕਾਂ ਦਾ ਕਹਿਣਾ ਹੈ ਕਿ ਚੀਨੀ ਯੋਜਨਾਵਾਂ ਉਨ੍ਹਾਂ ਦੀ ਲੋੜ ਦਾ ਸਮਰੱਥ



ਅਧਿਐਨ ਕੀਤੇ ਬਗੈਰ ਭਾਰੀ ਵਿਆਜ਼ ਦਰ ਨਾਲ ਬਣਾਈਆਂ ਜਾ ਰਹੀਆਂ ਹਨ। ਇਸ ਤੋਂ ਛੋਟੇ ਦੇਸ਼ ਭਾਰੀ ਕਰਜ਼ੇ ਵਿੱਚ ਡੁੱਬ ਜਾਣਗੇ। ਭਾਰਤ ਨੇ ਸੀ ਪੀ ਈ ਸੀ ਯੋਜਨਾ ਦਾ ਵਿਰੋਧ ਕੀਤਾ ਹੈ, ਕਿਉਂਕਿ ਇਹ ਵਿਵਾਦਿਤ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਤੋਂ ਹੋ ਕੇ ਲੰਘਦੀ ਹੈ। ਚੀਨ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਲੂ ਕਾਂਗ ਨੇ ਕਿਹਾ ਕਿ ਸੀ ਪੀ ਈ ਸੀ ਨਵੇਂ ਦੌਰ ਵਿੱਚ ਚੀਨ ਤੇ ਪਾਕਿਸਤਾਨ ਦੇ ਸਹਿਯੋਗ ਦਾ ਪ੍ਰਤੀਕ ਹੈ ਅਤੇ ਬੀ ਆਰ ਆਈ ਦੀ ਇਕ ਮਹੱਤਵ ਪੂਰਨ ਪਾਇਲਟ ਯੋਜਨਾ ਵੀ। ਉਨ੍ਹਾਂ ਨੇ ਕਿਹਾ, 'ਮੌਜੂਦਾ ਸੀ ਪੀ ਈ ਸੀ ਯੋਜਨਾਵਾਂ ਵਿੱਚ 20 ਪ੍ਰਤੀਸ਼ਤ ਤੋਂ ਵੀ ਘੱਟ ਚੀਨ ਦੇ ਕਰਜ਼ੇ ਨਾਲ ਵਿਕਸਿਤ ਹੋ ਰਹੇ ਹਨ। ਇਸ ਵਿੱਚ 80 ਪ੍ਰਤੀਸ਼ਤ ਤੋਂ ਜ਼ਿਆਦਾ ਯੋਜਨਾਵਾਂ ਵਿੱਚ ਜਾਂ ਤਾਂ ਚੀਨ ਨੇ ਸਿੱਧੇ ਨਿਵੇਸ਼ ਕੀਤਾ ਹੈ ਜਾਂ ਚੀਨੀ ਗਰਾਂਟ ਦਾ ਇਸਤੇਮਾਲ ਕੀਤਾ ਗਿਆ ਹੈ।' ਕਾਂਗ ਨੇ ਕਿਹਾ ਕਿ ਇਸ ਨਾਲ ਪਾਕਿਸਤਾਨ ਦਾ ਬੋਝ ਨਹੀਂ ਵਧੇਗਾ, ਇਹ ਪਾਕਿਸਤਾਨ ਦੀ ਅਰਥ ਵਿਵਸਥਾ ਨੂੰ ਮਜ਼ਬੂਤ ਕਰੇਗਾ।

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
$1,000 Off With Your New Basement
Services:
- Complete Basement
- Tiles
- Bathrooms
- Plumbing
- Laminate
- Hardwood Floor
- Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

# ਫਲਾਈਟ ਵਿੱਚ ਨੰਗੇਜ਼ ਨਹੀਂ ਚੱਲ ਸਕੇਗਾ

ਲੰਡਨ, 9 ਅਪ੍ਰੈਲ (ਪੋਸਟ ਬਿਊਰੋ)- ਬ੍ਰਿਟੇਨ ਦੀ ਇਕ ਹਵਾਈ ਕੰਪਨੀ ਨੇ 21 ਸਾਲਾ ਲੜਕੀ ਨੂੰ ਉਸ ਦੇ ਕੱਪੜਿਆਂ ਦੀ ਵਜ੍ਹਾ ਨਾਲ ਸਫਰ ਕਰਨ 'ਤੇ ਨਾਰਾਜ਼ਗੀ ਪ੍ਰਗਟ ਕੀਤੀ।

ਮਿਲੀਆਂ ਖਬਰਾਂ ਦੇ ਮੁਤਾਬਕ ਜਹਾਜ਼ ਵਿੱਚ ਚੜ੍ਹਨ ਦੇ ਬਾਅਦ ਔਰਤ ਨੂੰ ਸਲੀਕੇਦਾਰ ਕੱਪੜੇ ਨਾ ਪਹਿਨਣ ਉਤੇ ਸਮਝਾਇਆ ਗਿਆ ਅਤੇ ਉਸ ਨੂੰ ਜਹਾਜ਼ ਤੋਂ ਉਤਰਨ ਨੂੰ ਕਿਹਾ ਗਿਆ। ਇਹ ਪੂਰਾ ਮਾਮਲਾ ਥਾੱਮਸ ਕੁਕ ਏਅਰਲਾਈਨਸ ਕੰਪਨੀ ਦਾ ਹੈ। ਸੀ ਐਨ ਐਨ ਦੀ ਇਕ ਰਿਪੋਰਟ ਅਨੁਸਾਰ ਏਮਿਲੀ ਓ 'ਕੋਗ੍ਰੌਰ ਨਾਮ ਦੀ ਔਰਤ ਦੋ ਮਾਰਤ ਨੂੰ ਯੂ ਕੇ ਦੇ ਬਰਮਿੰਘਮ ਏਅਰਪੋਰਟ ਤੋਂ ਟੇਨੇਰਿਫ ਆਈਲੈਂਡ ਜਾਣ ਲਈ ਥਾੱਮਸ ਕੁਕ ਏਅਰਲਾਈਨਸ ਦੇ ਜਹਾਜ਼ ਵਿੱਚ



ਚੜ੍ਹੀ ਸੀ। ਇਸ ਦੌਰਾਨ ਜਹਾਜ਼ ਦੇ ਕਰੂ ਮੈਂਬਰਾਂ ਨੇ ਉਸ ਨੂੰ ਕਿਹਾ ਕਿ ਤੁਹਾਡੇ ਕੱਪੜੇ ਹਿੰਸਾ ਦੀ ਵਜ੍ਹਾ ਬਣ ਸਕਦੇ ਹਨ। ਏਮਿਲੀ ਨੇ ਕਿਹਾ ਕਿ ਜਹਾਜ਼ ਦਾ ਮੈਨੇਜਰ ਆਪਣੇ ਚਾਰ ਹੋਰ ਮੈਂਬਰਾਂ ਨਾਲ ਉਸ ਕੋਲ ਪੁੱਜਾ ਤੇ ਉਸ ਨੂੰ ਜੈਕੇਟ ਪਹਿਨਣ ਲਈ ਕਿਹਾ ਅਤੇ ਧਮਕੀ ਦਿੱਤੀ ਕਿ ਜਹਾਜ਼ ਤੋਂ ਉਤਾਰ ਦਿੱਤਾ ਜਾਵੇਗਾ। ਏਮਿਲੀ ਨੇ ਦੱਸਿਆ ਕਿ ਏਅਰਲਾਈਨਸ ਸਟਾਫ ਨੇ ਕਿਹਾ ਕਿ ਠੀਕ ਤਰ੍ਹਾਂ ਕੱਪੜੇ ਪਾਉ, ਨਹੀਂ ਤਾਂ ਫਲਾਈਟ ਛੱਡ ਦਿਉ।

ਏਮਿਲੀ ਨੇ ਟਵਿੱਟਰ 'ਤੇ ਲਿਖਿਆ ਕਿ ਏਅਰਲਾਈਨਸ ਨੇ ਕਿਹਾ ਕਿ ਮੇਰੇ ਕੱਪੜੇ ਠੀਕ ਨਹੀਂ, ਜਿਸ ਕਾਰਨ ਮੈਂ ਏਅਰਲਾਈਨਸ ਵਿੱਚ ਸਫਰ ਨਹੀਂ ਕਰ ਸਕਦੀ। ਏਮਿਲੀ ਨੇ ਦੱਸਿਆ ਕਿ ਮੈਂ ਆਸ ਪਾਸ ਦੇ ਮੁਸਾਫਰਾਂ ਨੂੰ ਪੁੱਛਿਆ ਕਿ ਕੀ ਮੇਰੇ ਕੱਪੜੇ ਖਰਾਬ ਦਿਸ ਰਹੇ ਹਨ ਤਾਂ ਕਿਸੇ ਨੇ ਜਵਾਬ ਨਹੀਂ ਦਿੱਤਾ, ਜਿਸ ਨਾਲ ਮੈਨੂੰ ਕਾਫੀ ਸ਼ਰਮਿੰਦਗੀ ਹੋਈ। ਇਸ ਦੇ ਬਾਅਦ ਕੋਲ ਦੇ ਹੀ ਕਿਸੇ ਆਦਮੀ ਨੇ ਕਿਹਾ ਕਿ ਕੀ ਤੁਸੀਂ ਉਪਰ ਜੈਕਟ ਨਹੀਂ ਪਾ ਸਕਦੇ? ਵਰਨਣ ਯੋਗ ਕਿ ਔਰਤ ਨੇ ਕ੍ਰਾੱਪ ਟਾੱਪ ਅਤੇ ਪੈਂਟ ਪਾਈ ਹੋਈ ਸੀ। ਏਮਿਲੀ ਨੇ ਕਿਹਾ ਕਿ ਮੇਰੇ ਕੱਪੜਿਆਂ ਬਾਰੇ ਹਵਾਈ ਅੱਡੇ ਤੋਂ ਹੀ ਮੈਨੂੰ ਚੇਤਾਵਨੀ ਦਿੱਤੀ ਜਾ ਰਹੀ ਸੀ ਅਤੇ ਜਹਾਜ਼ ਵਿੱਚ ਦਾਖਲ ਕਰਨ ਤੱਕ ਵਾਰ-ਵਾਰ ਟੋਕਿਆ ਗਿਆ। ਕਰੂ ਮੈਂਬਰਾਂ ਨੇ ਮੈਨੂੰ ਖੁਦ ਨੂੰ ਪੂਰੀ ਤਰ੍ਹਾਂ ਢੱਕਣ ਲਈ ਕਿਹਾ।

FIRST CHOICE FINANCIAL LIMITED
TRUCK LOANS
ਟੱਰਕ ਲੌਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada
For more Information Contact
Rajdeep: 647.707.4167
Office: 905.678.2424

Honesty, Reliability, Commitment
Hira Randhawa
Broker
HomeLife SilverCity
- 1 yr Home Warranty
- 40% Discount on Brand Name
- Appliances & Furniture
- Free Evaluation & Lowest Commission
www.hirarandhawa.com
hirarandhawa@yahoo.ca
"OPEN HOUSE UNTIL SOLD"
For all your Real Estate needs: 416.319.0551 or 905.913.8585
$679,000 — William Prkwy/Chinguacouasy — All Brick Semi-Detached House In The Most Popular Credit Valley Area. No Carpet In-House, Very Clean, No House Behind, Property Is Not To Be Missed. Close To School Plaza, Transit, Go Station And Parks.
$699,000 — Morning Star/Airport — Great Opportunity For 1st Time Buyers. $$$ Upgrades Newly Renovated W/ Granite Counter Top, S/S Appliances, Close To School, 421/401, Westwood Mall, 2 Basement Apartment. One Br & 2 Br Each W/ Separate Entrance. Potential Income $1800/Month From Bsmnt.
$778,900 — Charolais & Chinguacouasy — Renovated Bungalow. 3 Good Size Bedrooms Plus Den And 2 Bedroom Finished Basement With Separate Entrance Equipped With Appliances, New Kitchen + New Bathrooms + New Hardwood Very Close To Hwy, Downtown.
$789,000 — Chinguacousy/Drinkwater — Spacious Detached 4 Bedrm Home Nestled In A Beautiful Neighbourhood. Freshly Painted, Laminate Flooring, No Carpet In The House. Furnace (2016), Most Of The Windows (2016), Master Bedroom W/I Closet And An Ensuite...

Call For:
RESP, SUPER -VISA,& TRAVEL
Insurance
H.Randhawa
416-319-0551

MICHELIN
Hankook
Continental
ROADLUX
BFGoodrich
AEOLUS
COMPASAL
Chevron
Delo
Special OIL CHANGE Rates
BEST TRUCK REPAIR & TIRE CENTRE
We also Specialize in Engine, Transmission, Differential Rebuild, Safety Inspection & All Kinds of Electric Work
ਟਰੱਕਾਂ ਦੇ ਟਾਇਰਾਂ ਤੇ ਭਾਰੀ ਸੇਲ
7 ਦਿਨ ਖੁੱਲ੍ਹਾ
SPECIAL ON TRUCK ALIGNMENT
BRAND NEW MACHINES 2018
Brake & Drum Made in U.S - On Special Sale!
Special Sale 4 CAT Batteries $550 with Installation
Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca
Winter Sale Dhamaka
1715 Sismet Rd, Mississauga | Call Ranjit: 416.624.8351 | Tel: 905.625.0055

# ਹਾਈ ਕੋਰਟ ਨੇ ਭ੍ਰਿਸ਼ਟ ਅਫਸਰਾਂ ਤੇ ਜ਼ਮੀਨ ਮਾਫੀਆ ਬਾਰੇ ਨੋਟਿਸ ਜਾਰੀ ਕੀਤਾ

ਮੋਹਾਲੀ, 9 ਅਪ੍ਰੈਲ (ਪੋਸਟ ਬਿਊਰੋ)- ਵਿਦੇਸ਼ ਵਿੱਚ ਵੱਸੇ ਹੋਏ ਐੱਨ ਆਰ ਆਈ ਪੰਜਾਬੀ ਏਥੇ ਇਨਵੈਸਟਮੈਂਟ ਕਰ ਕੇ ਪੰਜਾਬ ਨੂੰ ਖੁਸ਼ਹਾਲ ਬਣਾਉਣ ਵਿੱਚ ਯੋਗਦਾਨ ਦਿੰਦੇ ਹਨ, ਪਰ ਉਨ੍ਹਾਂ ਵਿੱਚੋਂ ਬਹੁਤਿਆਂ ਨਾਲ ਏਥੇ ਭ੍ਰਿਸ਼ਟਾਚਾਰ ਅਤੇ ਭੂ-ਮਾਫੀਏ ਦੇ ਸਰਕਾਰੀ ਵਿਭਾਗਾਂ ਨਾਲ ਗੱਠਜੋੜ ਕਾਰਨ ਠੱਗੀ ਹੋ ਜਾਂਦੀ ਹੈ। ਮੋਹਾਲੀ ਵਿੱਚ ਇੱਕ ਵੱਡੇ ਪ੍ਰਾਪਰਟੀ ਘੋਟਾਲੇ ਨੂੰ ਜ਼ਾਹਰ ਕਰਦੇ ਹੋਏ 'ਪੰਜਾਬ ਅਗੇਂਸਟ ਕੁਰੱਪਸ਼ਨ' ਸੰਸਥਾ ਦੇ ਪ੍ਰਧਾਨ ਸਤਨਾਮ ਦਾਊਂ ਨੇ ਇਹ ਗੱਲ ਕਹੀ ਹੈ।



ਸਤਨਾਮ ਦਾਊਂ ਨੇ ਦੱਸਿਆ ਕਿ ਅਜਿਹਾ ਹੀ ਇੱਕ ਕੇਸ ਮੋਹਾਲੀ ਦੇ ਪਿੰਡ ਸੰਤੇਮਾਜਰਾ ਦੇ ਮੂਲ ਵਾਸੀ ਤੇ ਮੋਹਾਲੀ ਦੇ ਉਦਯੋਗਿਕ ਖੇਤਰ ਫੇਜ਼-7 ਵਿੱਚ ਫੈਕਟਰੀਆਂ ਦੇ ਮਾਲਕ ਤਿੰਨ ਐੱਨ ਆਰ ਆਈ ਭਰਾਵਾਂ ਜਸਮੇਰ ਸਿੰਘ ਮਠਾੜੂ, ਹਰਨੇਕ ਸਿੰਘ ਮਠਾੜੂ ਅਤੇ ਸ਼ਮਸ਼ੇਰ ਸਿੰਘ ਨਾਲ ਵਾਪਰਿਆ ਹੈ। ਇਨ੍ਹਾਂ ਭਰਾਵਾਂ ਨੇ ਖਰੜ ਦੇ ਪ੍ਰਾਈਵੇਟ ਬਿਲਡਰਾਂ ਕੋਲੋਂ 2011 ਵਿੱਚ ਤਿੰਨ ਪਲਾਟ ਖਰੀਦੇ ਸਨ, ਜਿਸ ਦੀ ਰਜਿਸਟਰੀ ਅਤੇ ਇੰਤਕਾਲ 2011 ਵਿੱਚ ਕਰਵਾ ਦਿੱਤੇ ਸਨ, ਜਦ ਕਿ ਕਬਜ਼ਾ ਲੈਣ ਵੇਲੇ ਇਨ੍ਹਾਂ ਪਲਾਟਾਂ ਦਾ ਅਸਲ ਵਿੱਚ ਕੋਈ ਵਜੂਦ ਹੀ ਨਹੀਂ ਲੱਭ। ਬਾਅਦ ਵਿੱਚ ਝਗੜਾ ਪੈਣ 'ਤੇ ਬਿਲਡਰਾਂ ਵੱਲੋਂ ਪਹਿਲੇ ਪਲਾਟਾਂ ਬਦਲੇ ਪ੍ਰਾਈਵੇਟ ਬਿਲਡਿੰਗਾਂ ਵਿੱਚ ਮੁੜ ਪਲਾਟ ਦੇਣ ਦੇ ਸਬਜ਼ਬਾਗ ਦਿਖਾ ਕੇ ਦੂਜੀ ਵਾਰ ਗਮਾਡਾ ਅਧਿਕਾਰੀਆਂ ਨਾਲ ਮਿਲ ਕੇ ਉਹ ਪਲਾਟ ਨੰਬਰ ਵੇਚ ਦਿੱਤੇ, ਜਿਨ੍ਹਾਂ ਪਲਾਟਾਂ ਦਾ ਮਾਲਕ ਉਹ ਬਿਲਡਰ ਹੈ ਹੀ ਨਹੀਂ ਸੀ। ਇਸ ਦੇ ਬਾਵਜੂਦ ਗਮਾਡਾ (ਗਰੇਟਰ ਮੋਹਾਲੀ ਡਿਵੈਲਪਮੈਂਟ ਅਥਾਰਟੀ) ਨੇ ਉਨ੍ਹਾਂ ਪਲਾਟਾਂ ਦੇ ਨਕਸ਼ੇ ਵੀ ਪਾਸ ਕਰ ਦਿੱਤੇ। ਕੁਝ ਮਹੀਨੇ ਪਹਿਲਾਂ ਮਠਾੜੂ ਭਰਾਵਾਂ ਨੇ 'ਪੰਜਾਬ ਅਗੇਂਸਟ ਕੁਰੱਪਸ਼ਨ' ਸੰਸਥਾ ਦੇ ਪ੍ਰਧਾਨ ਸਤਨਾਮ ਦਾਊਂ ਨਾਲ ਸੰਪਰਕ ਕੀਤਾ ਤਾਂ ਇਸ ਦੀ ਸ਼ਿਕਾਇਤ ਏ ਡੀ ਜੀ ਪੀ, ਐੱਨ ਆਰ ਆਈ ਵਿੰਗ ਪੰਜਾਬ ਪੁਲਸ ਨੂੰ ਦਿੱਤੀ, ਜਿਸ ਨੇ ਜਾਂਚ ਐੱਨ ਆਰ ਆਈ ਵਿੰਗ ਮੋਹਾਲੀ ਨੂੰ ਭੇਜੀ, ਪਰ ਐੱਨ ਆਰ ਆਈ ਵਿੰਗ ਨੇ ਭ੍ਰਿਸ਼ਟ ਅਧਿਕਾਰੀਆਂ ਤੇ ਬਿਲਡਰਾਂ ਦੇ ਹੱਕ ਵਿੱਚ ਭੁਗਤ ਕੇ ਸ਼ਿਕਾਇਤ ਰਫਾ-ਦਫਾ ਕਰ ਦਿੱਤੀ। ਸੰਸਥਾ ਦੀ ਲੀਗਲ ਟੀਮ ਨੇ ਇਸ ਬਾਰੇ ਹਾਈ ਕੋਰਟ ਵਿੱਚ ਸਰਕਾਰ ਅਤੇ ਐੱਨ ਆਰ ਆਈ ਵਿੰਗ ਦੇ ਖਿਲਾਫ ਕੇਸ ਕਰ ਦਿੱਤਾ, ਜਿਸ ਦੀ ਸੁਣਵਾਈ ਕਰਦਿਆਂ ਹਾਈ ਕੋਰਟ ਨੇ ਪੰਜਾਬ ਸਰਕਾਰ ਅਤੇ ਏ ਡੀ ਜੀ ਪੀ ਐੱਨ ਆਰ ਆਈ ਵਿੰਗ ਨੂੰ ਨੋਟਿਸ ਜਾਰੀ ਕਰਦਿਆਂ ਤੱਥ ਪੇਸ਼ ਕਰਨ ਦਾ ਹੁਕਮ ਜਾਰੀ ਕਰ ਦਿੱਤਾ।

# ਰੋਪੜ ਵਿੱਚ ਮੀਂਹ-ਹਨੇਰੀ ਕਾਰਨ ਕਣਕ ਦੀ ਅੱਸੀ ਫੀਸਦੀ ਫਸਲ ਬਰਬਾਦ

ਨੂਰਪੁਰ ਬੇਦੀ, 9 ਅਪ੍ਰੈਲ (ਪੋਸਟ ਬਿਊਰੋ)- ਰੋਪੜ ਜ਼ਿਲੇ ਦੇ ਨੂਰਪੁਰ ਬੇਦੀ ਇਲਾਕੇ ਵਿੱਚ ਕੁਦਰਤ ਦੇ ਕਹਿਰ ਨਾਲ ਤੇਜ਼ ਮੀਂਹ ਤੇ ਹਨੇਰੀ ਕਾਰਨ ਕੱਲ੍ਹ ਸਵੇਰੇ ਜਨ ਜੀਵਨ ਵਧੇਰੇ ਪ੍ਰਭਾਵਤ ਹੋਣ ਦਾ ਨੁਕਸਾਨ ਕਿਸਾਨਾਂ ਨੂੰ ਹੋਇਆ। ਤੇਜ਼ ਹਨੇਰੀ ਤੇ ਮੀਂਹ ਦੇ ਕਾਰਨ ਕਿਸਾਨਾਂ ਦੀਆਂ 80 ਫੀਸਦੀ ਫਸਲਾਂ ਢਹਿ ਢੇਰੀ ਹੋ ਗਈਆਂ।



ਪਿੰਡ ਅਬਿਆਣਾ ਦੇ ਕਿਸਾਨਾਂ ਨੇ ਦੱਸਿਆ ਕਿ ਇਸ ਤੇਜ਼ ਹਨੇਰੀ ਕਾਰਨ ਉਨ੍ਹਾਂ ਦੀਆਂ ਫਸਲਾਂ ਨੂੰ ਭਾਰੀ ਨੁਕਸਾਨ ਪੁੱਜਿਆ ਹੈ। ਉਨ੍ਹਾਂ ਦੱਸਿਆ ਕਿ ਕਿਸਾਨਾਂ ਵੱਲੋਂ ਫਸਲਾਂ ਨੂੰ ਤਿਆਰ ਕਰਨ ਲਈ ਸੁਸਾਇਟੀਆਂ ਤੋਂ ਕਰਜ਼ਾ ਲਿਆ ਜਾਂਦਾ ਹੈ, ਪਰ ਕੁਦਰਤੀ ਆਫਤਾਂ ਕਾਰਨ ਕਿਸਾਨਾਂ ਲਈ ਜਿੱਥੇ ਘਰ ਦਾ ਗੁਜ਼ਾਰਾ ਚਲਾਉਣਾ ਮੁਸ਼ਕਲ ਹੋ ਜਾਂਦਾ ਹੈ ਉਥੇ ਕਰਜ਼ੇ ਦੀ ਅਦਾਇਗੀ ਹੋਰ ਵੀ ਵੱਡੀ ਮੁਸੀਬਤ ਬਣ ਜਾਂਦਾ ਹੈ। ਇਸੇ ਤਰ੍ਹਾਂ ਪਿੰਡ ਰੌਲੀ, ਮੋਠਾਪੁਰ, ਝਿੰਜੜੀ, ਸੈਣੀਮਾਜਰਾ ਤੇ ਹੋਰ ਨਾਲ ਲੱਗਦੇ ਪਿੰਡਾਂ ਦੇ ਕਿਸਾਨਾਂ ਨੇ ਦੱਸਿਆ ਕਿ ਵਿਸਾਖੀ ਤੋਂ ਬਾਅਦ ਤਿਆਰ ਹੋਈ ਫਸਲ ਨੂੰ ਵੱਢਣ ਦੀ ਤਿਆਰੀ ਕੀਤੀ ਜਾ ਰਹੀ ਸੀ ਕਿ ਇਸ ਕੁਦਰਤੀ ਆਫਤ ਨੇ ਉਨ੍ਹਾਂ ਦੀਆਂ ਉਮੀਦਾਂ 'ਤੇ ਪਾਣੀ ਫੇਰ ਦਿੱਤਾ। ਪ੍ਰਭਾਵਤ ਕਿਸਾਨਾਂ ਨੇ ਕਿਹਾ ਕਿ ਸਰਕਾਰ ਵੱਲੋਂ ਵੀ ਕੇਵਲ ਭਰੋਸੇ ਹੀ ਦਿੱਤੇ ਜਾਂਦੇ ਹਨ, ਕੋਈ ਠੋਸ ਕਾਰਵਾਈ ਨਹੀਂ ਕੀਤੀ ਜਾਂਦੀ। ਇਸ ਮੌਕੇ ਉਨ੍ਹਾਂ ਫਸਲਾਂ ਦੇ ਹੋਏ ਨੁਕਸਾਨ ਲਈ ਮੁਆਵਜ਼ੇ ਦੀ ਮੰਗ ਕੀਤੀ ਤਾਂ ਜੋ ਕਿਸਾਨਾਂ ਨੂੰ ਜਲਦ ਕੋਈ ਰਾਹਤ ਮਿਲ ਸਕੇ।

ਆਨੰਦਪੁਰ ਸਾਹਿਬ ਵਿਖੇ 132 ਕੇ ਵੀ ਸਬ ਸਟੇਸ਼ਨ ਤੋਂ ਨੂਰਪੁਰ ਬੇਦੀ 666 ਕੇ ਬੀ ਸਬ ਸਟੇਸ਼ਨ ਤੇ ਬਜਰੂੜ ਸਥਿਤ 66 ਕੇ ਵੀ ਸਬ ਸਟੇਸ਼ਨ ਨੂੰ ਬਿਜਲੀ ਸਪਲਾਈ ਕੀਤੀ ਜਾਂਦੀ ਤੇ ਜਿੱਥੋਂ ਅੱਗੇ ਇਲਾਕੇ ਦੇ 138 ਪਿੰਡਾਂ ਨੂੰ ਬਿਜਲੀ ਪਹੁੰਚਦੀ ਹੈ, ਪਰ ਕੱਲ੍ਹ ਸਵੇਰੇ ਕਰੀਬ ਛੇ ਵਜੇ ਅਚਾਨਕ ਨੂਰਪੁਰ ਬੇਦੀ ਖੇਤਰ ਦੇ ਸਮੁੱਚੇ ਪਿੰਡਾਂ ਦੀ ਬਿਜਲੀ ਸਪਲਾਈ ਬੰਦ ਹੋ ਗਈ ਤੇ ਜੋ ਸਾਢੇ ਪੰਜ ਘੰਟਿਆਂ ਬਾਅਦ ਸਵੇਰੇ ਕਰੀਬ ਸਾਢੇ 11 ਵਜੇ ਬਹਾਲ ਹੋ ਸਕੀ। ਇਸ ਦੌਰਾਨ ਕਈ ਘੰਟੇ ਬਿਜਲੀ ਸਪਲਾਈ 'ਚ ਵਿਘਨ ਪੈਣ ਕਾਰਨ ਜ਼ਿਆਦਾ ਪਿੰਡਾਂ ਵਿੱਚ ਲੋਕਾਂ ਨੂੰ ਪੀਣ ਵਾਲੇ ਪਾਣੀ ਦੀ ਸਮੱਸਿਆ ਦਾ ਸਾਹਮਣਾ ਕਰਨਾ ਪਿਆ। ਭਾਵੇਂ ਜ਼ਿਆਦਾਤਰ ਪਿੰਡਾਂ ਵਿੱਚ ਸਾਢੇ ਪੰਜ ਘੰਟਿਆਂ ਬਾਅਦ ਬਿਜਲੀ ਸਪਲਾਈ ਬਹਾਲ ਹੋ ਸਕੀ, ਕਈ ਪਿੰਡਾਂ ਵਿੱਚ ਹਨੇਰੀ ਨਾਲ ਤਾਰਾਂ ਟੁੱਟਣ ਕਾਰਨ ਬਾਅਦ ਦੁਪਹਿਰ ਬਿਜਲੀ ਚਾਲੂ ਹੋ ਸਕੀ।

# ਫਲੂ ਨਾਲ ਲੜਨ ਦੀ ਸਮਰੱਥਾ ਕਮਜ਼ੋਰ ਕਰ ਸਕਦੇ ਹਨ ਫੂਡ ਐਡੀਟਿਵ

ਵਾਸ਼ਿੰਗਟਨ, 9 ਅਪ੍ਰੈਲ (ਪੋਸਟ ਬਿਊਰੋ)- ਫਰੋਜ਼ਨ ਮੀਟ ਅਤੇ ਤਲੇ ਹੋਏ ਭੋਜਨ 'ਚ ਆਮ ਤੌਰ 'ਤੇ ਪਾਏ ਜਾਣ ਵਾਲੇ ਫੂਡ ਐਡੀਟਿਵ ਇੰਫਲੁਏਂਜਾ ਨਾਲ ਲੜਨ ਦੀ ਰੋਗ ਰੋਕੂ ਪ੍ਰਣਾਲੀ ਦੀ ਸਮਰੱਥਾ ਨੂੰ ਨੁਕਸਾਨ ਪਹੁੰਚਾ ਸਕਦੇ ਹਨ ਅਤੇ ਫਲੂ ਵੈਕਸੀਨ ਦੇ ਪ੍ਰਭਾਵ ਨੂੰ ਘੱਟ ਕਰ ਸਕਦਾ ਹੈ।

ਇੱਕ ਅਧਿਐਨ 'ਚ ਇਸ ਦੀ ਜਾਣਕਾਰੀ ਸਾਹਮਣੇ ਆਈ ਹੈ। ਖੋਜ ਇਹ ਦੱਸਣ ਵਿੱਚ ਮਦਦ ਕਰ ਸਕਦੀ ਹੈ ਕਿ ਕਿਉਂ ਮੌਸਮੀ ਇੰਫਲੁਏਂਜਾ ਦੁਨੀਆ ਭਰ 'ਚ ਸਿਹਤ ਲਈ ਵੱਡਾ ਖਤਰਾ ਹੈ। ਇੱਕ ਅਨੁਮਾਨ ਮੁਤਾਬਕ ਦੁਨੀਆ ਭਰ ਵਿੱਚ ਹਰ ਸਾਲ 2,90,000-6,50,000 ਲੋਕ ਫਲੂ ਨਾਲ ਸੰਬੰਧਤ ਸਾਹ ਸੰਬੰਧੀ ਪ੍ਰੇਸ਼ਾਨੀਆਂ ਕਾਰਨ ਮਰ ਜਾਂਦੇ ਹਨ। ਚੂਹਿਆਂ 'ਤੇ ਕੀਤੀ ਗਈ ਇਸ ਖੋਜ ਤੋਂ ਪਤਾ ਲੱਗਾ ਕਿ ਫੂਡ ਐਡੀਟਿਵ ਟਰਟ-



ਬੁਥਾਇਲਹਾਈਡ੍ਰੋਕਿਊਇਨਨ (ਟੀ ਬੀ ਐੱਚ ਕਿਊ) ਟੀ ਕੋਸ਼ਿਕਾਵਾਂ 'ਤੇ ਅਸਰ ਪਾਉਂਦਾ ਹੈ, ਜੋ ਰੋਗ ਰੋਕੂ ਪ੍ਰਣਾਲੀ ਦਾ ਅਹਿਮ ਹਿੱਸਾ ਹੈ। ਇਹ ਫੂਡ ਐਡੀਟਿਵ ਭੋਜਨ ਨੂੰ ਖਰਾਬ ਹੋਣ ਤੋਂ ਬਚਾਉਣ ਲਈ ਇਸਤੇਮਾਲ ਕੀਤਾ ਜਾਂਦਾ ਹੈ। ਅਮਰੀਕਾ ਵਿੱਚ ਮਿਸ਼ੀਗਨ ਯੂਨੀਵਰਸਿਟੀ 'ਚ ਪੀ ਐਚ ਡੀ ਦੇ ਖੋਜਕਾਰ ਰਾਬਰਟ ਫ੍ਰੀਬੋਰਨ ਨੇ ਕਿਹਾ ਕਿ ਸਾਡੇ ਅਧਿਐਨ ਤੋਂ ਪਤਾ ਲੱਗਾ ਕਿ ਟੀ ਬੀ ਐੱਚ ਕਿਊ ਭੋਜਨ ਖਾਣ ਵਾਲੇ ਚੂਹੇ ਦੀ ਇੰਫਲੁਏਂਜਾ ਇਨਫੈਕਸ਼ਨ ਨਾਲ ਲੜਨ ਦੀ ਰੋਗ ਰੋਕੂ ਪ੍ਰਣਾਲੀ ਕਮਜ਼ੋਰ ਹੋ ਗਈ।

# ਮੀਰਵਾਇਜ਼ ਦਹਿਸ਼ਤ ਫੰਡਿੰਗ ਕੇਸ 'ਚ ਐਨ ਆਈ ਏ ਮੂਹਰੇ ਪੇਸ਼

ਨਵੀਂ ਦਿੱਲੀ, 9 ਅਪ੍ਰੈਲ (ਪੋਸਟ ਬਿਊਰੋ)- ਦਹਿਸ਼ਤਗਰਦਾਂ ਨੂੰ ਫੰਡਿੰਗ ਦੇ ਕੇਸ ਵਿੱਚ ਕੌਮੀ ਜਾਂਚ ਏਜੰਸੀ (ਐਨ ਆਈ ਏ) ਵੱਲੋਂ ਭੇਜੇ ਪਹਿਲੇ ਦੋ ਸੰਮਨਾਂ ਨੂੰ ਨਜ਼ਰ ਅੰਦਾਜ਼ ਕਰਨ ਪਿੱਛੋਂ ਵੱਖਵਾਦੀ ਆਗੂ ਤੇ ਹੁਰੀਅਤ ਕਾਨਫਰੰਸ ਦਾ ਚੇਅਰਮੈਨ ਮੀਰਵਾਇਜ਼ ਉਮਰ ਫਾਰੂਕ ਕੱਲ੍ਹ ਏਜੰਸੀ ਕੋਲ ਪੇਸ਼ ਹੋ ਗਿਆ।



ਮੀਰਵਾਇਜ਼ ਤੋਂ ਤਕਰੀਬਨ ਅੱਠ ਘੰਟੇ ਪੁੱਛਗਿੱਛ ਕੀਤੀ ਗਈ ਹੈ। ਉਸ ਨੂੰ ਦਿੱਲੀ ਹਵਾਈ ਅੱਡੇ 'ਤੇ ਪੁੱਜਣ ਮੌਕੇ ਸੁਰੱਖਿਆ ਦਿੱਤੀ ਗਈ ਸੀ। ਹੁਰੀਅਤ ਆਗੂ ਅਬਦੁਲ ਗਨੀ ਭੱਟ, ਬਿਲਾਲ ਲੋਨ ਤੇ ਮੌਲਾਨਾ ਅੱਬਾਸ ਅਨਸਾਰੀ ਸਮੇਤ ਹੋਰ ਵੱਖਵਾਦੀ ਆਗੂਆਂ ਨਾਲ ਏਜੰਸੀ ਦੇ ਦਫਤਰ ਪੁੱਜਾ। ਐਨ ਆਈ ਏ ਨੇ ਇਸ ਤੋਂ ਪਹਿਲਾਂ ਮੀਰਵਾਇਜ਼ ਨੂੰ 11 ਮਾਰਚ ਤੇ 18 ਮਾਰਚ ਨੂੰ ਕੌਮੀ ਰਾਜਧਾਨੀ ਵਿੱਚ ਪੇਸ਼ ਹੋਣ ਲਈ ਸੰਮਨ ਭੇਜੇ ਸਨ, ਪਰ ਵੱਖਵਾਦੀ ਆਗੂ ਨੇ ਆਪਣੀ ਸੁਰੱਖਿਆ ਦੀ ਫਿਕਰਮੰਦੀ ਜ਼ਾਹਰ ਕਰਦਿਆਂ ਦਿੱਲੀ ਆਉਣ ਤੋਂ ਅਸਮਰੱਥਾ ਜਤਾਈ ਸੀ। ਐਨ ਆਈ ਏ ਨੇ ਪਿਛਲੇ ਹਫਤੇ ਜਾਰੀ ਕੀਤੇ ਤੀਜੇ ਸੰਮਨਾਂ 'ਚ ਮੀਰਵਾਇਜ਼ ਨੂੰ ਹਰ ਸੰਭਵ ਸੁਰੱਖਿਆ ਦੇਣ ਦਾ ਵਾਅਦਾ ਕੀਤਾ ਸੀ। ਜਾਣਕਾਰ ਸੂਤਰਾਂ ਮੁਤਾਬਕ ਐਨ ਆਈ ਏ ਆਪਣੀ ਜਾਂਚ ਵਿੱਚ ਦਹਿਸ਼ਤਗਰਦਾਂ ਨੂੰ ਫੰਡ ਪੁਚਾਉਣ ਵਾਲੀ ਕੜੀ ਨਾਲ ਜੁੜੇ ਵਿਅਕਤੀਆਂ ਦੀ ਸ਼ਨਾਖਤ ਵਿੱਚ ਲੱਗੀ ਹੈ। ਵਾਦੀ ਵਿੱਚ ਸੁਰੱਖਿਆ ਬਲਾਂ 'ਤੇ ਪੱਥਰਬਾਜ਼ੀ ਲਈ, ਸਕੂਲਾਂ ਦੀ ਸਾੜ ਫੂਕ ਤੇ ਸਰਕਾਰੀ ਅਦਾਰਿਆਂ ਵਿੱਚ ਤੋੜ ਭੰਨ ਲਈ ਦਹਿਸ਼ਤਗਰਦਾਂ ਨੂੰ ਫੰਡ ਮੁਹੱਈਆ ਕਰਵਾਏ ਜਾਂਦੇ ਹਨ। ਐਨ ਆਈ ਏ ਵੱਲੋਂ ਦਰਜ ਕੇਸ ਵਿੱਚ ਜਮਾਤ ਉਦ ਦਾਵਾ ਮੁਖੀ ਹਾਫਿਜ਼ ਸਈਦ ਨੂੰ ਮੁਲਜ਼ਮ ਵਜੋਂ ਨਾਮਜ਼ਦ ਕੀਤਾ ਗਿਆ ਹੈ।

# ਗ੍ਰਾਹਮ ਰੀਡ ਭਾਰਤ ਦੀ ਹਾਕੀ ਟੀਮ ਦੇ ਕੋਚ ਬਣੇ

ਨਵੀਂ ਦਿੱਲੀ, 9 ਅਪ੍ਰੈਲ (ਪੋਸਟ ਬਿਊਰੋ)- ਹਾਕੀ ਇੰਡੀਆ ਨੇ 54 ਸਾਲਾ ਗ੍ਰਾਹਮ ਰੀਡ ਨੂੰ ਭਾਰਤੀ ਮਰਦ ਹਾਕੀ ਟੀਮ ਦਾ ਮੁੱਖ ਕੋਚ ਨਿਯੁਕਤ ਕੀਤਾ ਹੈ। 54 ਸਾਲਾ ਰੀਡ ਜਲਦ ਹੀ ਬੈਂਗਲੂਰੂ ਵਿੱਚ ਚੱਲ ਰਹੇ ਰਾਸ਼ਟਰੀ ਕੈਂਪ ਵਿੱਚ ਟੀਮ ਨਾਲ ਜੁੜ ਜਾਣਗੇ। ਰੀਡ ਆਸਟਰੇਲੀਆਈ ਟੀਮ ਲਈ ਡਿਫੈਂਡਰ ਤੇ ਮਿਡਫੀਲਡਰ ਦੀ ਭੂਮਿਕਾ ਨਿਭਾਉਂਦੇ ਸਨ। ਉਹ ਓਡੀਸ਼ਾ ਵਿੱਚ ਸੀਰੀਜ਼ ਫਾਈਨਲ ਤੋਂ ਪਹਿਲਾਂ ਟੀਮ ਨਾਲ ਜੁੜ ਜਾਣਗੇ।

ਹਾਕੀ ਇੰਡੀਆ ਨੇ ਕੱਲ੍ਹ ਇਸ ਦੀ ਜਾਣਕਾਰੀ ਦਿੱਤੀ। ਰੀਡ 1992 ਦੇ ਬਾਰਸੀਲੋਨਾ ਓਲੰਪਿਕ ਵਿੱਚ ਸਿਲਵਰ ਮੈਡਲ ਜਿੱਤਣ ਵਾਲੀ ਆਸਟਰੇਲੀਆਈ ਟੀਮ ਦਾ ਹਿੱਸਾ ਸਨ। ਇਸ ਦੇ ਨਾਲ ਹੀ ਉਹ 1984, 1985 ਤੇ 1989 ਤੇ 1990 ਵਿੱਚ ਚੈਂਪੀਅਨਜ਼ ਟਰਾਫੀ ਜਿੱਤਣ ਵਾਲੀ ਆਸਟਰੇਲੀਆਈ ਟੀਮ ਦਾ ਵੀ ਹਿੱਸਾ ਸਨ। 130 ਅੰਤਰਰਾਸ਼ਟਰੀ ਮੈਚ ਖੇਡਣ ਵਾਲੇ ਰੀਡ ਸਾਲ 2009 ਵਿੱਚ ਕੋਚਿੰਗ ਨਾਲ ਜੁੜੇ ਸਨ। ਤਦ ਉਨ੍ਹਾਂ ਨੂੰ ਆਸਟਰੇਲੀਆਈ ਟੀਮ ਦਾ ਸਹਾਇਕ ਕੋਚ ਬਣਾਇਆ ਗਿਆ ਸੀ। ਹਾਕੀ ਇੰਡੀਆ ਦੇ ਪ੍ਰਧਾਨ ਮੁਹੰਮਦ ਮੁਸ਼ਤਾਕ ਅਹਿਮਦ ਨੇ ਕਿਹਾ ਕਿ ਇਕ ਖਿਡਾਰੀ ਵਜੋਂ ਗ੍ਰਾਹਮ ਦਾ ਕਾਮਯਾਬ ਕਰੀਅਰ ਰਿਹਾ ਹੈ। ਇਸ ਨਾਲ ਹੀ ਉਨ੍ਹਾਂ ਦਾ ਕੋਚਿੰਗ ਦਾ ਤਜਰਬਾ ਵੀ ਬੜਾ ਚੰਗਾ ਹੈ। ਉਹ ਆਸਟਰੇਲੀਆ ਤੇ ਨੀਦਰਲੈਂਡ ਦੀ ਟੀਮ ਨਾਲ ਕੰਮ ਕਰ ਚੁੱਕੇ ਹਨ। ਸਾਨੂੰ ਉਮੀਦ ਹੈ ਕਿ ਉਨ੍ਹਾਂ ਦਾ ਤਜਰਬਾ ਭਾਰਤੀ ਟੀਮ ਨੂੰ ਟੋਕੀਓ ਓਲੰਪਿਕ ਲਈ ਵਧੀਆ ਨਤੀਜੇ ਹਾਸਲ ਕਰਨ ਵਿੱਚ ਮਦਦ ਕਰੇਗਾ।


**Beauty Parlour ਲਈ ਲੜਕੀਆਂ ਦੀ ਲੋੜ ਹੈ**

Beauty/Hair Salon in **Mississauga** ਲਈ **hair cutting (Gents/Ladies)** ਅਤੇ **Threading/waxing** ਦਾ ਕੰਮ ਜਾਣਨ ਵਾਲੀਆਂ ਲੜਕੀਆਂ ਦੀ ਲੋੜ ਹੈ। **Barber** ਵੀ ਅਪਲਾਈ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ

**Off: 905-814-7400**
**Ph: 416-566-9678**

**AZ ਡਰਾਇਵਰਾਂ ਦੀ ਲੋੜ ਹੈ**

"New Drivers are welcome"



- ਵਧੀਆ ਤਨਖਾਹ
- ਆਟੋਪਾਰਟਸ ਲਈ
- ਆਟੋਮੈਟਿਕ ਟੱਰਕ

ਟੀਮ ਡਰਾਇਵਰਾਂ ਦੀ Texas, USA ਲਈ ਡੈਡੀਕੇਟਡ ਰਨ ਲਈ ਲੋੜ ਹੈ

**647.456.8520 | 416.904.0715**

Marriage

**Matrimonial**
